# ਪ੍ਰਾਸਪੈਕਟਸ

## 2023-24




# ਸ੍ਰੀ ਗੁਰੂ ਅਰਜਨ ਦੇਵ ਸਰਕਾਰੀ ਕਾਲਜ

ਤਰਨ ਤਾਰਨ ਫੋਨ : 01852-222436

**NAAC ACCREDITED INSTITUTION (B-Grade)**

# ਸੰਦੇਸ਼



ਮਨੁੱਖੀ ਜੀਵਨ ਦਾ ਹਰ ਬੀਤਦਾ ਪਲ ਇੱਕ ਨਵਾਂ ਤਜ਼ਰਬਾ ਅਤੇ ਖੇੜਾ ਲੈ ਕੇ ਆਉਂਦਾ ਹੈ। ਉਂਝ ਵੀ ਜ਼ਿੰਦਗੀ ਦੀ ਖੂਬਸੂਰਤੀ ਨਿਵੇਕਲੇਪਨ ਵਿੱਚ ਹੈ। ਹਰ ਵਿੱਦਿਅਕ ਵਰ੍ਹਾ ਸਾਡੇ ਅੰਦਰ ਨਵੀਆਂ ਉਮੰਗਾਂ ਨੂੰ ਜਨਮ ਦਿੰਦਾ ਹੈ। ਅੱਜ ਵਿੱਦਿਆ ਦੇ ਖੇਤਰ ਵਿੱਚ ਨਿੱਤ ਨਵੇਂ ਅਭਿਆਸ ਹੋ ਰਹੇ ਹਨ, ਜਿੰਨ੍ਹਾਂ ਨੇ ਨਵੀਆਂ ਸੰਭਾਵਨਾਵਾਂ ਅਤੇ ਚੁਣੌਤੀਆਂ ਨੂੰ ਜਨਮ ਦਿੱਤਾ ਹੈ। ਇਹਨਾਂ ਅਭਿਆਸਾਂ ਸਦਕਾ ਹੀ ਅਸੀਂ ਸਫਲਤਾ ਦੀਆਂ ਨਵੀਆਂ ਮੰਜਿਲਾਂ ਨੂੰ ਪ੍ਰਾਪਤ ਕਰਨ ਵਿੱਚ ਕਾਮਯਾਬ ਹੁੰਦੇ ਹਾਂ। ਇਸ ਵਿਦਿਅਕ ਵਰ੍ਹੇ ਕਾਲਜ ਦੇ ਵਿਹੜੇ ਵਿੱਚ ਨਵੀਆਂ ਖਿੜੀਆਂ ਕਰੂੰਬਲਾ ਨੂੰ ਵੀ ਇਹਨਾਂ ਮੰਜਿਲਾਂ ਵੱਲ ਨੂੰ ਆਪਣੇ ਕਦਮ ਪੁੱਟਣੇ ਪੈਣਗੇ ਤਾਂ ਜੋ ਉਹ ਇਸ ਸੰਸਥਾ ਵਿੱਚੋਂ ਵਿਦਿਆ ਰੂਪੀ ਤਜ਼ਰਬੇ ਲੈ ਕੇ ਜਿੰਦਗੀ ਦੇ ਸਫਰ ਵਿੱਚ ਹਰ ਮੰਜ਼ਿਲ ਨੂੰ ਫਤਹਿ ਕਰਨ।

ਵਿੱਦਿਆ ਦੇ ਮਿਆਰ ਨੂੰ ਉੱਚਾ ਚੁੱਕਣ ਵਾਸਤੇ ਸ੍ਰੀ ਗੁਰੂ ਅਰਜਨ ਦੇਵ ਸਰਕਾਰੀ ਕਾਲਜ, ਤਰਨ ਤਾਰਨ ਆਪਣੀ ਨਿਵੇਕਲੀ ਭੂਮਿਕਾ ਅਤੇ ਜਿੰਮੇਵਾਰੀ ਪਿਛਲੇ ਕਈ ਦਹਾਕਿਆਂ ਤੋਂ ਸਿੱਖਿਆ ਦੇ ਬਦਲਦੇ ਹੋਏ ਸਰੂਪ ਦੇ ਸੰਦਰਭ ਵਿੱਚ ਬਹੁੱਤ ਹੀ ਸੁਚੱਜੇ ਢੰਗ ਨਾਲ ਨਿਭਾ ਰਿਹਾ ਹੈ। ਅੱਜ ਦੇ ਮੰਹਿਗਾਈ ਦੇ ਯੁੱਗ ਵਿੱਚ ਘੱਟ ਫੀਸਾਂ ਲੈ ਕੇ ਵਧੀਆ ਪੜਾਈ ਪ੍ਰਦਾਨ ਕਰ ਰਿਹਾ ਹੈ। ਇਸ ਕਾਲਜ ਦੀ ਸੇਵਾ ਨਿਭਾਉਂਦੇ ਹੋਏ ਮੈਂ ਕੋਸ਼ਿਸ ਕੀਤੀ ਹੈ ਕਿ ਕਾਲਜ ਦੇ ਅਕਾਦਮਿਕ ਮਾਹੌਲ ਨੂੰ ਘੱਟੋ-ਘੱਟ ਉਸ ਪੱਧਰ ਤੱਕ ਲੈ ਕੇ ਜਾਵਾਂਗੀ, ਜਿੱਥੇ ਵਿਦਿਆਰਥੀ ਅਰਥ ਭਰਪੂਰ ਵਿੱਦਿਆ ਪ੍ਰਾਪਤ ਕਰਕੇ ਸੁਚੱਜਾ ਤੇ ਨਿਰੋਗ ਸਮਾਜ ਸਿਰਜ ਸਕਣ ਅਤੇ ਆਤਮ ਨਿਰਭਰ ਨਾਗਰਿਕ ਬਣ ਸਕਣ। ਮੈਂ ਅਕਾਦਮਿਕ ਸਾਲ **2023-24** ਵਿੱਚ ਦਾਖਲਾ ਲੈਣ ਵਾਲੇ ਹਰ ਵਿਦਿਆਰਥੀ ਨੂੰ ਕਾਲਜ ਵਿਖੇ 'ਜੀ ਅਇਆ' ਆਖਦੀ ਹਾਂ।

**ਜੋਤੀ ਬਾਲਾ**
ਪ੍ਰਿੰਸੀਪਲ
ਐਸ.ਜੀ.ਏ.ਡੀ. ਸਰਕਾਰੀ ਕਾਲਜ, ਤਰਨ ਤਾਰਨ

# ਸ੍ਰੀ ਗੁਰੂ ਅਰਜਨ ਦੇਵ ਸਰਕਾਰੀ ਕਾਲਜ
## ਤਰਨ ਤਾਰਨ
# ਜਾਣਕਾਰੀ

ਸ੍ਰੀ ਗੁਰੂ ਅਰਜਨ ਦੇਵ ਸਰਕਾਰੀ ਕਾਲਜ, ਤਰਨ ਤਾਰਨ ਦਾ ਅਰੰਭ ਸੰਨ 1966 ਵਿੱਚ ਐਜੂਕੇਸ਼ਨ ਟਰੱਸਟ ਤਰਨ ਤਾਰਨ ਨੇ ਸ੍ਰੀ ਗੁਰੂ ਅਰਜਨ ਦੇਵ ਹਾਈ ਸਕੂਲ ਦੀ ਇਮਾਰਤ ਵਿੱਚ ਕੀਤਾ। 1 ਜੂਨ 1974 ਨੂੰ ਇਹ ਕਾਲਜ,ਜੋ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਨਾਲ ਸੰਬੰਧਤ ਹੈ, ਪੰਜਾਬ ਸਰਕਾਰ ਦੇ ਅਧੀਨ ਹੋ ਗਿਆ। ਇਸ ਸਮੇਂ ਕਾਲਜ ਦੇ ਸੁੰਦਰ ਕੈਂਪਸ ਵਿੱਚ ਪੜ੍ਹਾਈ ਲਈ ਖੁੱਲ੍ਹੇ ਹਵਾਦਾਰ ਕਮਰੇ, ਪ੍ਰਯੋਗਸ਼ਾਲਾ ਅਤੇ ਬਹੁਤ ਵੱਡਾ ਖੇਡ ਦਾ ਮੈਦਾਨ ਹੈ। ਇਹ ਕਾਲਜ ਇੱਕ ਸਹਿ-ਸਿੱਖਿਆ ਸੰਸਥਾ ਹੈ ਅਤੇ ਏਥੇ ਉੱਚ ਯੋਗਤਾ ਪ੍ਰਾਪਤ ਮਿਹਨਤੀ ਸਟਾਫ ਹੈ। ਸਾਇੰਸ, ਕਾਮਰਸ, ਕੰਪਿਊਟਰ ਅਤੇ ਆਰਟਸ ਦੇ ਵਿਸ਼ਿਆਂ ਦੀ ਗਰੇਜੂਏਟ ਅਤੇ ਐਮ. ਐਸ. ਸੀ. ਕੰਪਿਊਟਰ ਸਾਇੰਸ ਪੱਧਰ ਤਕ ਪੜ੍ਹਾਈ ਕਰਵਾਈ ਜਾਂਦੀ ਹੈ। ਇਸ ਕਾਲਜ ਵਿੱਚ ਪੜ੍ਹਾਏ ਜਾਂਦੇ ਵਿਸ਼ਿਆਂ/ ਗਰੁੱਪਾਂ ਦਾ ਵੇਰਵਾ ਨਿਮਨ ਪ੍ਰਕਾਰ ਹੈ:-

- **ਸਾਇੰਸ ਗਰੁੱਪ-ਬੀ. ਐਸ. ਸੀ. ਮੈਡੀਕਲ ਅਤੇ ਨਾਨ ਮੈਡੀਕਲ**
- **ਕਾਮਰਸ ਗਰੁੱਪ-ਬੀ. ਕਾਮ (ਰੈਗੂਲਰ)**
- **ਹਿਊਮੈਨਿਟੀਜ਼ ਗਰੁੱਪ-ਅੰਗਰੇਜ਼ੀ,ਪੰਜਾਬੀ, ਹਿੰਦੀ, ਇਤਿਹਾਸ, ਭੂਗੋਲ, ਗਣਿਤ, ਰਾਜਨੀਤੀ ਸ਼ਾਸਤਰ, ਇਕਨੋਮਿਕਸ, ਸਰੀਰਕ ਸਿੱਖਿਆ, ਕੰਪਿਊਟਰ ਸਾਇੰਸ**
- **HEIS** ਸਕੀਮ ਅਧੀਨ ਚਲ ਰਹੇ ਕੋਰਸਾਂ ਦਾ ਵੇਰਵਾ :-
- ਬੀ. ਐਸ. ਸੀ. (ਆਈ. ਟੀ.)
- ਬੀ. ਸੀ. ਏ.
- ਬੀ. ਐਸ. ਸੀ. (ਇਕਨੋਮਿਕਸ)
- ਬੀ. ਐਸ. ਸੀ. (ਕੰਪਿਊਟਰ ਸਾਇੰਸ)
- ਪੀ. ਜੀ. ਡੀ. ਸੀ. ਏ
- ਐਮ. ਐਸ. ਸੀ (ਕੰਪਿਊਟਰ ਸਾਇੰਸ)
- ਡੀ. ਸੀ. ਏ (ਪਾਰਟ ਟਾਇਮ ਅਤੇ ਰੈਗੂਲਰ)
- ਕਿੱਤਾ ਮੁੱਖੀ ਕੋਰਸ

ਵਿਦਿਆਰਥੀਆਂ ਲਈ ਵਿਹਲੇ ਸਮੇਂ ਵਿੱਚ ਪੜ੍ਹਨ ਲਈ ਕਾਲਜ ਵਿੱਚ ਇੱਕ ਲਾਇਬ੍ਰੇਰੀ ਹੈ, ਜਿਸ ਵਿੱਚ 20495 ਪੁਸਤਕਾਂ ਹਨ । ਜਿਹਨਾਂ ਵਿੱਚ ਕਾਲਜ ਵਿਸ਼ਿਆਂ ਤੋਂ ਇਲਾਵਾ ਬੱਚਿਆਂ ਦੇ ਗਿਆਨ ਵਿੱਚ ਵਾਧਾ ਕਰਨ ਵਾਲੀਆਂ ਅਨੇਕਾਂ ਪੁਸਤਕਾਂ, ਅਖ਼ਬਾਰਾਂ ਅਤੇ ਰਸਾਲੇ ਸ਼ਾਮਿਲ ਹਨ। ਕਾਲਜ ਵਿੱਚ ਪੜ੍ਹਾਈ ਤੋਂ ਇਲਾਵਾ ਵਿਦਿਆਰਥੀਆਂ ਵਿੱਚ ਹੋਰ ਰੁਚੀਆਂ ਪ੍ਰਫੁੱਲਤ ਕਰਨ, ਅਨੁਸ਼ਾਸਨ ਸਿਖ਼ਾਉਣ ਲਈ ਵਿਦਿਆਰਥੀਆਂ ਨੂੰ ਐਨ. ਐਸ. ਐਸ. ਅਤੇ ਸਭਿਆਚਾਰਕ ਸਰਗਰਮੀਆਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ, ਜਿਸ ਦੀ ਅਗਵਾਈ ਯੋਗ ਅਧਿਆਪਕਾਂ ਦੁਆਰਾ ਕੀਤੀ ਜਾਂਦੀ ਹੈ। ਮੁਕਾਬਲੇ ਦੀ ਭਾਵਨਾ ਪੈਦਾ ਕਰਨ ਲਈ ਵਿਦਿਆਰਥੀਆਂ ਨੂੰ ਕਲੱਬਾਂ,ਸਭਾਵਾਂ,ਜਿਸ ਤਰ੍ਹਾਂ ਵਾਦ-ਵਿਵਾਦ ਸਭਾ, ਰੈੱਡ ਕਰਾਸ, ਯੂਥ ਕਲੱਬ, ਬਾਗਬਾਨੀ ਕਲੱਬ, ਸਾਇੰਸ ਸੁਸਾਇਟੀ ਦੁਆਰਾ ਕਾਲਜ ਅਤੇ ਬਾਹਰੀ ਕਾਲਜਾਂ ਤੇ ਸੰਸਥਾਵਾਂ ਵਿੱਚ ਭਾਗ ਲੈਣ ਦੇ ਮੌਕੇ ਉਪਲੱਬਧ ਕਰਾਏ ਜਾਂਦੇ ਹਨ। ਇਸੇ ਤਰ੍ਹਾਂ ਹੀ ਵਿਦਿਆਰਥੀਆਂ ਵਿਚ ਸਿਰਜਣਾਤਮਕ ਰੁਚੀ ਨੂੰ ਉਤਸ਼ਾਹਿਤ ਕਰਨ ਲਈ ਕਾਲਜ ਪਤ੍ਰਿਕਾ 'ਸ਼ਾਤੀ ਪੁੰਜ' ਪ੍ਰਕਾਸ਼ਿਤ ਕੀਤੀ ਜਾਂਦੀ ਹੈ । ਗਰੀਬ ਅਤੇ ਲੋੜਵੰਦ ਵਿਦਿਆਰਥੀਆਂ ਦੀ ਸਮੇਂ-ਸਮੇਂ ਆਰਥਿਕ ਸਹਾਇਤਾ ਕਰਕੇ ਉਹਨਾਂ ਨੂੰ ਅੱਗੇ ਵਧਣ ਅਤੇ ਪ੍ਰੇਰਿਤ ਕਰਨ ਲਈ ਕਾਲਜ ਦਾ ਸਟਾਫ ਤਤਪਰ ਰਹਿੰਦਾ ਹੈ।

## B.A., B.Sc., B.Com., BCA, B.Sc. (IT) PGDCA, M.Sc., DCA
## ਦੇ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਲਈ ਅਤਿ ਜ਼ਰੂਰੀ ਸੰਦੇਸ਼

1. ਦਾਖਲਾ ਫਾਰਮ ਭਰਨ ਤੋਂ ਪਹਿਲਾਂ ਵਿਦਿਆਰਥੀ ਅਤੇ ਮਾਪਿਆਂ ਲਈ ਪ੍ਰਾਸਪੈਕਟਸ ਪੜ੍ਹ ਲੈਣਾ ਜਰੂਰੀ ਹੈ।
2. ਮਾਪਿਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਬੱਚੇ ਕੋਲੋ ਯੋਗਤਾ ਦੀਆਂ ਸ਼ਰਤਾਂ, ਲੈਕਚਰਾਂ ਦੀ ਘਾਟ, ਘਰੇਲੂ ਪ੍ਰੀਖਿਆ ਦੇ ਨਤੀਜੇ ਅਤੇ ਹੋਰ ਲੋੜੀਂਦੀਆਂ ਹਦਾਇਤਾਂ ਸੰਬੰਧੀ ਲਗਾਤਾਰ ਪਤਾ ਕਰਦੇ ਰਹਿਣ।
3. ਸਮੈਸਟਰ ਪ੍ਰੀਖਿਆ ਵਿੱਚ ਬੈਠਣ ਲਈ ਵਿਦਿਆਰਥੀ ਨੂੰ ਯੂਨੀਵਰਸਿਟੀ ਵੱਲੋਂ ਨਿਰਧਾਰਤ ਸਾਰੀਆਂ ਸ਼ਰਤਾਂ ਦੀ ਪੂਰਤੀ ਕਰਨੀ ਲਾਜ਼ਮੀ ਹੋਵੇਗੀ। ਇਹ ਸ਼ਰਤਾਂ ਪੂਰੀਆਂ ਨਾ ਕਰਨ ਵਾਲੇ ਵਿਦਿਆਰਥੀ ਨੂੰ ਯੂਨੀਵਰਸਿਟੀ ਦੀ ਪ੍ਰੀਖਿਆ ਵਿੱਚ ਬੈਠਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।
4. ਹਰ ਵਿਦਿਆਰਥੀ ਦਾ ਹਰ ਵਿਸ਼ੇ ਦਾ ਮਹੀਨੇ ਵਿੱਚ ਇੱਕ ਵਾਰ ਟੈਸਟ ਹੋਵੇਗਾ, ਜਿਸ ਅਨੁਸਾਰ ਉਸ ਦੀ ਸਮੈਸਟਰ ਬਾਅਦ ਅਸੈਸਮੈਂਟ ਕੀਤੀ ਜਾਵੇਗੀ।
5. ਹਰ ਵਿਦਿਆਰਥੀ ਲਈ ਮਾਰਚ/ਅਕਤੂਬਰ ਦੀ ਘਰੇਲੂ ਪ੍ਰੀਖਿਆ ਵਿੱਚ ਬੈਠਣਾ ਲਾਜ਼ਮੀ ਹੈ। ਖੇਡਾਂ ਜਾਂ ਸਭਿਆਚਾਰਕ ਗਤੀਵਿਧੀਆਂ, ਬਿਮਾਰੀ ਜਾਂ ਦੁਰਘਟਨਾ ਕਾਰਨ ਘਰੇਲੂ ਪ੍ਰੀਖਿਆ ਨਾ ਦੇਣ ਵਾਲੇ ਵਿਦਿਆਰਥੀ ਨੂੰ ਸਪੈਸ਼ਲ ਪ੍ਰੀਖਿਆ ਲਈ ਪੂਰਵ-ਪ੍ਰਵਾਨਗੀ ਪ੍ਰਾਪਤ ਕਰਨੀ ਜਰੂਰੀ ਹੋਵੇਗੀ । ਅਜਿਹੀ ਪੂਰਵ ਆਗਿਆ ਨਾ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਸਪੈਸ਼ਲ ਪ੍ਰੀਖਿਆ ਵਿੱਚ ਬੈਠਣ ਦੇ ਯੋਗ ਨਹੀਂ ਹੋਵੇਗਾ।
6. ਕਾਲਜ ਅਨੁਸ਼ਾਸਨ ਭੰਗ ਕਰਨ ਵਾਲੇ ਵਿਦਿਆਰਥੀ ਦੇ ਖ਼ਿਲਾਫ ਸਖ਼ਤ ਅਨੁਸ਼ਾਸਨੀ ਕਾਰਵਾਈ ਹੋਵੇਗੀ।
7. ਕਾਲਜ ਸੰਪਤੀ ਅਤੇ ਕਾਲਜ ਕੈਂਪਸ ਦੀ ਸੰਭਾਲ ਹਰ ਵਿਦਿਆਰਥੀ ਦਾ ਬੁਨਿਆਦੀ ਫ਼ਰਜ਼ ਹੈ।
8. ਕਾਲਜ ਦੇ ਵਿਦਿਆਰਥੀ ਨੂੰ ਕਾਲਜ ਦਾ ਸ਼ਨਾਖ਼ਤੀ ਕਾਰਡ ਅਤੇ ਡਾਇਰੀ ਨਾਲ ਲਿਆਉਣਾ ਜਰੂਰੀ ਹੈ।
9. ਲਗਾਤਾਰ ਤਿੰਨ ਟਿਊਟੋਰੀਅਲ ਗਰੁੱਪ, ਕਲਾਸਾਂ ਅਤੇ ਕਾਲਜ ਦੇ ਸਲਾਨਾਂ ਖ਼ੇਡ ਸਮਾਰੋਹ ਵਿੱਚ ਗੈਰ-ਹਾਜ਼ਰ ਰਹਿਣ ਵਾਲੇ ਵਿਦਿਆਰਥੀ ਦੇ ਖ਼ਿਲਾਫ ਸਖ਼ਤ ਅਨੁਸ਼ਾਸਨੀ

ਕਾਰਵਾਈ ਹੋਵੇਗੀ ।

10. ਵਿਦਿਆਰਥੀ ਦਾ ਪਿਤਾ/ਸਰਪ੍ਰਸਤ ਸੈਸ਼ਨ ਦੌਰਾਨ ਸਮੇਂ-ਸਮੇਂ ਆਪਣੇ ਵਾਰਡ ਦੀ ਅਕਾਦਮਿਕ ਪ੍ਰਗਤੀ ਅਤੇ ਆਮ ਜਾਣਕਾਰੀ ਲਈ ਕਾਲਜ ਪ੍ਰਸ਼ਾਸਨ ਨਾਲ ਲਾਜ਼ਮੀ ਸੰਪਰਕ ਕਰੇਗਾ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਉਸਦੇ ਵਾਰਡ ਸੰਬੰਧੀ ਕਿਸੇ ਤਰ੍ਹਾਂ ਦੀ ਜ਼ਿੰਮੇਵਾਰੀ ਕਾਲਜ ਦਫ਼ਤਰ ਦੀ ਨਹੀਂ ਹੋਵੇਗੀ।
11. ਇਹ ਮਾਪਿਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਵਿਦਿਆਰਥੀ ਦੀ ਲੈਕਚਰ ਦੀ ਘਾਟ ਸੰਬਧੀ ਜਾਣਕਾਰੀ ਅਪ੍ਰੈਲ ਅਤੇ ਅਕਤੂਬਰ ਤੋਂ ਪਹਿਲਾਂ ਪਤਾ ਕਰਨ।
12. ਵਿਦਿਆਰਥੀ ਪੜ੍ਹਾਈ ਜਾਂ ਪ੍ਰੈਕਟੀਕਲ ਆਦਿ ਲਈ ਕਿਸੇ ਪ੍ਰਕਾਰ ਦੇ ਵੱਖ਼ਰੇ ਪ੍ਰਬੰਧ ਲਈ ਮੰਗ ਨਹੀਂ ਕਰੇਗਾ।
13. ਦਾਖ਼ਲੇ ਬਾਰੇ ਪ੍ਰਗਟ ਤੱਥਾਂ ਦੇ ਬਾਅਦ ਵਿੱਚ ਕਿਸੇ ਵੀ ਸਮੇਂ ਗਲਤ ਸਾਬਤ ਹੋਣ ਦੀ ਸੂਰਤ ਵਿੱਚ ਵਿਦਿਆਰਥੀ ਨੂੰ ਤੁਰੰਤ ਕਾਲਜ ਵਿੱਚੋਂ ਕੱਢ ਦਿੱਤਾ ਜਾਵੇਗਾ ਤੇ ਉਹ ਆਪਣੇ ਵਿਰੁੱਧ ਕਾਨੂੰਨੀ ਕਾਰਵਾਈ ਦਾ ਭਾਗੀ ਹੋਵੇਗਾ।
14. ਕਾਲਜ ਸਬੰਧੀ ਹਰ ਤਰ੍ਹਾਂ ਦੇ ਬਣਦੇ ਬਕਾਏ ਅਤੇ ਫੀਸ ਜਮਾਂ ਕਰਵਾਉਣ ਦੀ ਜ਼ਿੰਮੇਵਾਰੀ ਵਿਦਿਆਰਥੀ ਦੇ ਪਿਤਾ ਜਾਂ ਸਰਪ੍ਰਸਤ ਦੀ ਹੋਵੇਗੀ। ਸਮੇਂ ਸਿਰ ਭੁਗਤਾਨ ਨਾ ਹੋਣ ਦੀ ਸੂਰਤ ਵਿੱਚ ਵਿਦਿਆਰਥੀ ਦੇ ਨੁਕਸਾਨ ਦੀ ਜ਼ਿੰਮੇਵਾਰੀ ਕਾਲਜ ਦਫ਼ਤਰ ਦੀ ਨਹੀਂ ਹੋਵੇਗੀ।
15. ਕਾਲਜ ਵਿੱਚ ਹਰ ਸੂਚਨਾ ਨੋਟਿਸ ਬੋਰਡ ਉਤੇ ਹੀ ਲਾਈ ਜਾਂਦੀ ਹੈ। ਨੋਟਿਸ ਬੋਰਡ ਨਾ ਪੜ੍ਹਨ ਦੀ ਸੂਰਤ ਵਿੱਚ ਕਿਸੇ ਪ੍ਰਕਾਰ ਦੀ ਸੂਚਨਾ ਨਾ ਪ੍ਰਾਪਤ ਹੋ ਸਕਣ ਦੀ ਜ਼ਿੰਮੇਵਾਰੀ ਕੇਵਲ ਵਿਦਿਆਰਥੀ ਦੀ ਹੀ ਹੋਵੇਗੀ।
16. ਕਾਲਜ ਕੈਂਪਸ ਵਿੱਚ ਮੋਬਾਇਲ ਫੋਨ ਦੀ ਵਰਤੋਂ ਤੇ ਪਾਬੰਦੀ ਹੈ। ਉਲੰਘਣਾ ਕਰਨ ਵਾਲੇ ਵਿਦਿਆਰਥੀ ਦੇ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
17. **ਰੈਗਿੰਗ ਦੀ ਪੂਰੀ ਤਰ੍ਹਾਂ ਮਨਾਹੀ ਹੈ। ਸੁਪਰੀਮ ਕੋਰਟ ਦੇ ਫੈਸਲੇ ਦੀ ਰੋਸ਼ਨੀ ਵਿੱਚ ਰੈਗਿੰਗ ਦੇ ਦੋਸ਼ੀ ਵਿਦਿਆਰਥੀਆਂ ਨੂੰ ਕਾਲਜ ਵਿਚੋਂ ਕੱਢ ਦਿਤਾ ਜਾਵੇਗਾ ਤੇ ਉਸ ਨੂੰ ਭਾਰਤ ਦੇ ਕਿਸੇ ਵੀ ਕਾਲਜ ਵਿੱਚ ਦਾਖਲਾ ਨਹੀਂ ਮਿਲ ਸਕੇਗਾ।**



# ਸਟਾਫ

## ਪ੍ਰਿੰਸੀਪਲ - ਸ੍ਰੀ ਮਤੀ ਜਯੋਤੀ ਬਾਲਾ

**ਪੰਜਾਬੀ ਵਿਭਾਗ**

1. ਸ੍ਰੀ ਹੀਰਾ ਸਿੰਘ ★
2. ਸ੍ਰੀਮਤੀ ਰਮਨਦੀਪ ਕੌਰ ★
3. ਡਾ. ਬਲਜੀਤ ਸਿੰਘ ★
4. ਖਾਲੀ

**ਅੰਗਰੇਜ਼ੀ ਵਿਭਾਗ**

1. ਸ੍ਰੀਮਤੀ ਸੁਰਿੰਦਰ ਕੌਰ ★
2. ਸ੍ਰੀਮਤੀ ਕਨਿਕਾ ਪੁਰੀ ★
3. ਖਾਲੀ

**ਹਿੰਦੀ ਵਿਭਾਗ**

1. ਡਾ: ਮਨਪ੍ਰੀਤ ਕੌਰ ★

**ਅਰਥ ਸ਼ਾਸਤਰ ਵਿਭਾਗ**

1. ਸ੍ਰੀਮਤੀ ਸੋਨੀਆ (ਪਾਰਟ ਟਾਈਮ) ਆਰਜੀ ਪ੍ਰਬੰਧ ਸ਼ਾਹਬਾਜਪੁਰ ਕਾਲਜ
2. ਡਾ. ਗੁਰਿੰਦਰ ਜੀਤ ਕੌਰ ਪੀ.ਐਚ.ਡੀ. ਅਸਿਸਟੈਂਟ ਪ੍ਰੋਫੈਸਰ

**ਭੂਗੋਲ ਵਿਭਾਗ**

ਖਾਲੀ

**ਸਰੀਰਕ ਸਿਖਿਆ ਵਿਭਾਗ**

ਖਾਲੀ

**ਕੰਪਿਊਟਰ ਸਾਇੰਸ**

ਸ੍ਰੀਮਤੀ ਪ੍ਰਭਜੋਤ ਕੌਰ ★

**ਗਣਿਤ ਵਿਭਾਗ**

ਡਾ. ਕੁਲਵੰਤ ਸਿੰਘ ★
ਖਾਲੀ

**ਬਨਸਪਤੀ ਵਿਭਾਗ**

ਸ੍ਰੀਮਤੀ ਸੰਗੀਤਾ ਅਗਨੀਹੋਤਰੀ ★
ਸ੍ਰੀਮਤੀ ਸੰਦੀਪ ਕੌਰ ★

**ਜੀਵ ਵਿਗਿਆਨ ਵਿਭਾਗ**

ਸ੍ਰੀਮਤੀ ਜਸਪ੍ਰੀਤ ਕੌਰ ★
ਸ੍ਰੀਮਤੀ ਰੀਤੂ ★

**ਇਤਿਹਾਸ ਵਿਭਾਗ**

ਸ੍ਰੀ ਸੁਭਾਸ਼ ਸੈਣੀ ★

**ਰਾਜਨੀਤੀ ਸ਼ਾਸ਼ਤਰ ਵਿਭਾਗ**

ਸ੍ਰੀਮਤੀ ਸਿਮਰਨਜੀਤ ਕੌਰ ★

**ਭੌਤਿਕ ਵਿਗਿਆਨ ਵਿਭਾਗ**

ਸ੍ਰੀ ਹਰਪ੍ਰੀਤ ਸਿੰਘ ★
ਮਿਸ ਰਣਦੀਪ ਕੌਰ ★

**ਰਸਾਇਣ ਵਿਗਿਆਨ ਵਿਭਾਗ**

ਸ੍ਰੀਮਤੀ ਕਰਨਜੀਤ ਕੌਰ ★
ਖਾਲੀ

**ਕਾਮਰਸ ਵਿਭਾਗ**

ਖਾਲੀ

**ਲਾਇਬ੍ਰੇਰੀਅਨ**

ਖਾਲੀ

**ਲਾਇਬ੍ਰੇਰੀ ਰਿਸਟੋਰਰ**

ਖਾਲੀ

**ਲਾਇਬ੍ਰੇਰੀ ਅਟੈਂਡੰਟ**

ਸ੍ਰੀ ਤਰਸੇਮ ਸਿੰਘ

**ਲੈਬਾਰਟਰੀ ਸਟਾਫ**

1. ਐਸ. ਐਲ. ਏ. ਖਾਲੀ
2. ਸ੍ਰੀ ਲਖਵਿੰਦਰ ਕੁਮਾਰ (ਗੈਸਮੈਨ)
3. ਸ੍ਰ. ਵੱਸਣ ਸਿੰਘ (ਐਲ.ਏ.)
4. ਸ੍ਰੀ ਹਰਜਿੰਦਰ ਸਿੰਘ (ਐਲ.ਏ.)
5. ਜੇ.ਐਲ.ਏ. ਖਾਲੀ
6. ਜੇ.ਐਲ.ਏ. ਖਾਲੀ
7. ਜੇ.ਐਲ.ਏ. ਖਾਲੀ
8. ਸੀਨੀ.ਐਲ.ਏ. ਖਾਲੀ
9. ਸੀਨੀ.ਐਲ.ਏ. ਖਾਲੀ

★ (ਗੈਸਟ ਫੈਕਲਟੀ)

**ਪ੍ਰਬੰਧਕੀ ਸਟਾਫ**

ਮਿਸ ਰਾਜਬੀਰ ਕੌਰ ਸਟੈਨੋ

ਸ੍ਰੀਮਤੀ ਤਰਨਜੀਤ ਕੌਰ (ਕਲਰਕ)

ਸ੍ਰੀਮਤੀ ਪਲਵਿੰਦਰ ਕੌਰ (ਕਲਰਕ)

ਸ੍ਰੀ ਕਮਲਦੀਪ ਸਿੰਘ (ਕਲਰਕ)

**ਦਰਜਾ ਚਾਰ**

ਖਾਲੀ

ਸ੍ਰੀਮਤੀ ਕੁਲਵਿੰਦਰ ਕੌਰ ਸੇਵਾਦਾਰ

ਸ੍ਰੀ ਨਰਿੰਦਰ ਸਿੰਘ ਸਵੀਪਰ

ਸ੍ਰੀ ਜਸਵਿੰਦਰ ਸਿੰਘ ਸਵੀਪਰ

ਬੇਲਦਾਰ ਖਾਲੀ (2)

ਸ੍ਰੀ ਦਿਲਪ੍ਰੀਤ ਸਿੰਘ ਸੇਵਾਦਾਰ

ਦਫਤਰੀ ਖਾਲੀ (1)

ਚੌਂਕੀਦਾਰ (ਮੁਅਤਲ)

# ਦਾਖ਼ਲੇ ਸੰਬੰਧੀ ਸੂਚਨਾ ਅਤੇ ਨਿਯਮ

1. ਦਾਖ਼ਲੇ ਲਈ ਬਿਨੈ-ਪੱਤਰ ਕੇਵਲ ਨਿਰਧਾਰਿਤ ਫਾਰਮ ਉੱਪਰ ਹੀ ਦੇਣਾ ਹੋਵੇਗਾ, ਜੋ ਪ੍ਰਾਸਪੈਕਟਸ ਦੇ ਅਖ਼ੀਰ ਵਿੱਚ ਨੱਥੀ ਹੈ।
2. ਵੱਖ-ਵੱਖ ਗਰੁੱਪ ਜਿਵੇਂ ਆਰਟਸ, ਸਾਇੰਸ ਅਤੇ ਕਾਮਰਸ ਗਰੁੱਪ ਵਿੱਚ ਦਾਖ਼ਲਾ ਲੈਣ ਵਾਲੇ ਉਮੀਦਵਾਰਾਂ ਲਈ ਵੱਖ-ਵੱਖ ਫਾਰਮ ਭਰਨੇ ਜ਼ਰੂਰੀ ਹਨ। ਬਾਅਦ ਵਿੱਚ ਫਾਰਮ ਨੂੰ ਇੱਕ ਗਰੁੱਪ ਤੋਂ ਦੂਜੇ ਗਰੁੱਪ ਵਿੱਚ ਨਹੀਂ ਬਦਲਿਆ ਜਾਵੇਗਾ।
3. ਦਾਖ਼ਲਾ ਫਾਰਮ ਨਾਲ ਹੇਠ ਲਿਖੇ ਦਸਤਾਵੇਜ਼ਾਂ ਦੀਆਂ ਤਸਦੀਕ-ਸ਼ੁਦਾ ਕਾਪੀਆਂ ਨੱਥੀ ਹੋਣੀਆਂ ਜ਼ਰੂਰੀ ਹਨ :-

ੳ) ਮੈਟ੍ਰਿਕ ਦਾ ਸਰਟੀਫਿਕੇਟ ਜਿਸ ਉੱਪਰ ਜਨਮ ਮਿਤੀ ਦਰਜ ਹੋਵੇ।

ਅ) ਹੇਠਲੀ ਪਾਸ ਕੀਤੀ 10+2 ਜਮਾਤ ਦਾ ਨਤੀਜਾ ਕਾਰਡ। (Detailed Marks Certificates)

ੲ) ਪਿਛਲੀ ਸੰਸਥਾ ਦੇ ਮੁਖ਼ੀ ਵੱਲੋਂ ਚੰਗੇ ਚਾਲ-ਚਲਣ ਦਾ ਸਰਟੀਫਿਕੇਟ। (Character Certificate)

ਸ) ਪਾਤਰਤਾ ਸਰਟੀਫਿਕੇਟ (Eligibility Certificate) (ਪੰਜਾਬ ਤੋਂ ਬਾਹਰਲੇ ਬੋਰਡ ਤੇ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਪਾਸ ਕਰਕੇ ਆਏ ਉਮੀਦਵਾਰਾਂ ਲਈ)

ਹ) ਆਧਾਰ ਕਾਰਡ

ਕ) ਬਲੱਡ ਗਰੁੱਪ ਅਤੇ ਮੈਡੀਕਲ ਫਿਟਨੈਸ ਦਾ ਸਰਟੀਫਿਕੇਟ।

ਖ਼) ਪਾਸਪੋਰਟ ਸਾਈਜ਼ ਦੀਆਂ ਤਿੰਨ ਫੋਟੋ, ਆਪਣਾ ਨਾਮ, ਪਿਤਾ ਦਾ ਨਾਮ ਪਿਛਲੇ ਪਾਸੇ ਲਿਖ਼ ਕੇ ਪਿੰਨ ਨਾਲ ਲਾਈਆਂ ਜਾਣ।

**ਖ਼) ਰਾਖ਼ਵੀਂ ਸ਼ਰੇਣੀ ਦਾ ਸਰਟੀਫਿਕੇਟ :**

ਜੇਕਰ ਰਾਖ਼ਵੀਂ [ਰਿਜ਼ਰਵ] ਸੀਟ ਲਈ ਕਲੇਮ ਕਰਨਾ ਹੋਵੇ ਤਾਂ ਸਮਰਥ ਅਧਿਕਾਰੀ ਦਾ ਸਰਟੀਫਿਕੇਟ ਨਾਲ ਲਗਾਉਣਾ ਜ਼ਰੂਰੀ ਹੈ। ਜੇਕਰ ਦਾਖ਼ਲਾ ਫਾਰਮ ਦੇ ਨਾਲ ਇਹ ਸਰਟੀਫਿਕੇਟ ਨਾ ਨੱਥੀ ਹੋਇਆ ਜਾਂ ਦਾਖ਼ਲਾ ਫਾਰਮ ਦੇ ਨਿਰਧਾਰਿਤ ਕਾਲਮ ਵਿੱਚ ਰਾਖ਼ਵੀਂ ਸ਼ਰੇਣੀ ਨਾ ਲਿਖੀ ਗਈ ਹੋਵੇ ਤਾਂ ਉਮੀਦਵਾਰ ਦਾ ਰਿਜ਼ਰਵ ਸੀਟ ਲਈ ਦਾਅਵਾ ਨਹੀਂ ਵਿਚਾਰਿਆ ਜਾਵੇਗਾ ਅਤੇ ਅਨੁਸੂਚਿਤ ਜਾਤੀਆਂ ਦੇ ਉਹ ਵਿਦਿਆਰਥੀ ਜਿਨ੍ਹਾਂ ਦੇ ਮਾਪਿਆਂ/ਸਰਪ੍ਰਸਤਾਂ ਦੀ ਸਲਾਨਾ ਆਮਦਨ ਦੋ ਲੱਖ਼ ਰੁਪਏ ਤੋਂ ਵੱਧ ਨਹੀਂ ਦਾਖ਼ਲੇ ਸਮੇਂ ਟਿਊਸ਼ਨ ਫੀਸ ਅਤੇ ਨਾਨ ਰਿਫੰਡੇਬਲ ਕੰਪਲਸਰੀ/ਜ਼ਰੂਰੀ ਫੀਸ ਮੁਆਫ ਕਰਵਾਉਣ ਲਈ ਤਾਜ਼ਾ ਇਨਕਮ ਸਰਟੀਫਿਕੇਟ ਨਾਲ ਲਗਾਉਣ।

ਉਪਰੋਕਤ ਸਾਰੇ ਦਸਤਾਵੇਜ਼ਾਂ ਦੀਆਂ ਤਸਦੀਕ-ਸ਼ੁਦਾ ਕਾਪੀਆਂ ਦਾਖ਼ਲਾ ਫਾਰਮ ਦੇ ਨਾਲ ਲੱਗੀਆਂ ਹੋਣੀਆਂ ਜ਼ਰੂਰੀ ਹਨ। ਬਾਅਦ ਵਿੱਚ ਫਾਰਮ ਨਾਲ ਕੋਈ ਦਸਤਾਵੇਜ਼ ਜਾਂ ਉਸ ਦੀ ਕਾਪੀ ਲਗਾਉਣ ਜਾਂ ਉਤਾਰਨ ਦੀ ਆਗਿਆ ਨਹੀਂ ਹੈ।

4. ਅਧੂਰੇ ਜਾਂ ਲੋੜੀਂਦੇ ਸਰਟੀਫਿਕੇਟਾਂ ਦੀਆਂ ਕਾਪੀਆਂ ਤੋਂ ਬਿਨਾਂ ਦਾਖ਼ਲਾ ਫਾਰਮ ਰੱਦ ਸਮਝੇ ਜਾਣਗੇ।
5. ਦਾਖ਼ਲੇ ਦੇ ਇੱਛੁਕ ਉਮੀਦਵਾਰਾਂ ਨੂੰ ਇਟਰਵਿਊ ਸਮੇਂ ਆਪ ਹਾਜ਼ਰ ਹੋਣਾ ਪਵੇਗਾ।ਇੰਟਰਵਿਊ ਸਮੇਂ ਉਹ ਆਪਣੇ ਅਸਲ ਸਰਟੀਫਿਕੇਟ ਆਪਣੇ ਨਾਲ ਲੈ ਕੇ ਆਉਣ। ਅਸਲ ਸਰਟੀਫਿਕੇਟਾਂ ਦੀ ਜਾਂਚ ਕੀਤੇ ਬਿਨਾਂ ਦਾਖ਼ਲਾ ਨਹੀਂ ਦਿੱਤਾ ਜਾਵੇਗਾ। ਵਿਦਿਆਰਥੀ ਨਾਲ ਆਇਆ ਕੋਈ ਵਿਅਕਤੀ ਇੰਟਰਵਿਊ ਸਮੇਂ ਕਮਰੇ ਅੰਦਰ ਨਹੀਂ ਆ ਸਕਦਾ। ਝੂਠਾ ਜਾਂ ਜਾਅਲੀ ਸਰਟੀਫਿਕੇਟ ਪੇਸ਼ ਕਰਨ ਅਤੇ ਬਾਅਦ ਵਿੱਚ ਵੀ ਪਤਾ ਲੱਗਣ ਵਾਲੇ ਵਿਦਿਆਰਥੀ ਦਾ ਦਾਖ਼ਲਾ ਰੱਦ ਕਰ ਦਿੱਤਾ ਜਾਵੇਗਾ ਅਤੇ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

6. (a) ਬੀ. ਏ./ ਬੀ.ਐਸ.ਸੀ. / ਬੀ. ਕਾਮ ਸਮੈਸਟਰ-। ਵਿੱਚ ਦਾਖ਼ਲਾ ਕੇਵਲ ਮੈਰਿਟ ਦੇ ਆਧਾਰ ਉੱਤੇ ਮਿਲ ਸਕੇਗਾ। ਇਹ ਮੈਰਿਟ 10+2 ਜਮਾਤ ਵਿੱਚੋਂ ਪ੍ਰਾਪਤ ਕੀਤੇ ਅੰਕਾਂ ਦੇ ਆਧਾਰ ਤੇ ਨਿਰਧਾਰਿਤ ਕੀਤੀ ਜਾਵੇਗੀ। ਬੀ. ਐਸ. ਸੀ. ਸਮੈਸਟਰ-। ਵਿੱਚ ਦਾਖ਼ਲੇ ਲਈ ਉਮੀਦਵਾਰ ਨੇ 10+2 ਮੈਡੀਕਲ/ ਨਾਨ ਮੈਡੀਕਲ ਵਿੱਚ ਘੱਟ ਤੋਂ ਘੱਟ 40% ਅੰਕ ਪ੍ਰਾਪਤ ਕੀਤੇ ਹੋਣ।

6. (b) **ELIGIBILITY OF PGDCA and M.SC. Computer Science**

Graduate with Computer Science/IT/Computer Aplication/Computer Maintenance as one of the Elective subjects with 50% marks in aggregate. or BCA/B.Sc.(IT)/BIT or equivalent there to with atleast 50% marks in aggregate. or Graduate with Mathematics as an Elective subject and Post-Graduate Diploma in Computer Application /PG Diploma in Information Tech./PG Diploma in E-Commerce & internet Application or equivalent with 50% marks in the aggregate.

6. (c) **PGDCA**

Graduate with 45% marks in aggregate or equivalent examination.

7. ਦਾਖ਼ਲਾ ਮਿਲਣ ਤੇ ਉਮੀਦਵਾਰ ਨੂੰ ਉਸੇ ਸਮੇਂ ਫੀਸ ਜਮ੍ਹਾਂ ਕਰਵਾਉਣੀ ਹੋਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ

ਉਸ ਦੀ ਦਾਖ਼ਲੇ ਲਈ ਚੋਣ ਰੱਦ ਕਰ ਦਿੱਤੀ ਜਾਵੇਗੀ ਅਤੇ ਉਸਦੀ ਥਾਂ ਮੈਰਿਟ ਵਿੱਚ ਅਗਲੇ ਉਮੀਦਵਾਰ ਨੂੰ ਦਾਖ਼ਲ ਕਰ ਲਿਆ ਜਾਵੇਗਾ। ਕਿਸੇ ਵਿਦਿਆਰਥੀ ਦੇ ਕਾਲਜ ਛੱਡਣ ਜਾਂ ਕੱਢੇ ਜਾਣ ਜਾਂ ਮਾਈਗਰੇਸ਼ਨ ਸਰਟੀਫਿਕੇਟ ਜਮ੍ਹਾ ਨਾ ਕਰਵਾਉਣ ਤੇ ਜਾਂ ਗੈਰ ਹਾਜ਼ਰ ਰਹਿਣ ਕਾਰਨ ਜਾਂ ਯੂਨੀਵਰਸਿਟੀ ਦੀਆਂ ਸ਼ਰਤਾਂ ਪੂਰੀਆਂ ਨਾ ਕਰਨ, ਸਮੈਸਟਰ ਪ੍ਰੀਖਿਆ ਵਿਚ ਨਾ ਬੈਠ ਸਕਣ ਦੀ ਸੂਰਤ ਵਿੱਚ ਬਾਕੀ ਰਹਿ ਗਏ ਸਮੇਂ ਦੀ ਹੋਈ ਫੀਸ ਅਤੇ ਫੰਡ ਕਿਸੇ ਵੀ ਹਾਲਤ ਵਿੱਚ ਵਾਪਸ ਨਹੀਂ ਕੀਤੇ ਜਾਣਗੇ। ਕੇਵਲ ਸਕਿਉਰਿਟੀ ਦੀ ਰਕਮ ਹੀ ਕਾਲਜ ਛੱਡਣ ਦੇ ਇੱਕ ਸਾਲ ਦੇ ਅੰਦਰ-ਅੰਦਰ ਵਾਪਸ ਹੋ ਸਕੇਗੀ।

8. ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਪ੍ਰਵਾਨਗੀ ਨਾ ਮਿਲਣ ਤੱਕ ਦਾਖ਼ਲਾ ਆਰਜ਼ੀ (Provisional) ਹੋਵੇਗਾ। ਯੂਨੀਵਰਸਿਟੀ ਦੀ ਪ੍ਰਵਾਨਗੀ ਨਾ ਮਿਲਣ ਦੀ ਸੂਰਤ ਵਿੱਚ ਜ਼ਿੰਮੇਵਾਰੀ ਸੰਬੰਧਤ ਵਿਦਿਆਰਥੀ ਦੀ ਆਪਣੀ ਹੋਵੇਗੀ ਅਤੇ ਉਸ ਵੱਲੋਂ ਜਮ੍ਹਾਂ ਕਰਵਾਈਆਂ ਗਈਆਂ ਫੀਸਾਂ ਆਦਿ ਕਿਸੇ ਵੀ ਸੂਰਤ ਵਿੱਚ ਵਾਪਸ ਨਹੀਂ ਕੀਤੀਆਂ ਜਾਣਗੀਆਂ।
9. ਇਸ ਕਾਲਜ ਦੇ ਬੀ. ਏ./ਬੀ. ਐਸ. ਸੀ./ਬੀ. ਸੀ. ਏ./ ਬੀ. ਐਸ. ਸੀ.(IT) / ਬੀ.ਕਾਮ ਸਮੈਸਟਰ-I ਅਤੇ ਸਮੈਸਟਰ-III ਅਤੇ ਸਮੈਸਟਰ-V ਦੀਆਂ ਪਿਛਲੇ ਸਾਲ ਦੀਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਪਾਸ ਕਰਨ ਵਾਲੇ ਵਿਦਿਆਰਥੀ ਨੂੰ ਅਗਲੀ ਜਮਾਤ ਵਿੱਚ ਦਾਖ਼ਲਾ ਮੰਗਣ ਤੇ ਤਾਂ ਦਿੱਤਾ ਜਾਵੇਗਾ, ਜੇਕਰ ਪਿਛਲੇ ਵਿੱਦਿਅਕ ਵਰ੍ਹੇ ਦੌਰਾਨ ਪ੍ਰਿੰਸੀਪਲ ਅਤੇ ਅਧਿਆਪਕਾਂ ਦੀਆਂ ਨਜ਼ਰਾਂ ਵਿੱਚ ਉਸ ਵਿਦਿਆਰਥੀ ਦਾ ਚਾਲ ਚਲਣ ਠੀਕ ਰਿਹਾ ਹੋਵੇ।
10. ਕਾਲਜ ਦੀ ਘਰੇਲੂ ਪ੍ਰੀਖਿਆ ਜਾਂ ਸਮੈਸਟਰ ਪ੍ਰੀਖਿਆ ਵਿੱਚ ਨਕਲ ਮਾਰਨ ਵਾਲੇ ਵਿਦਿਆਰਥੀ ਨੂੰ ਦੁਬਾਰਾ ਇਸ ਕਾਲਜ ਵਿੱਚ ਦਾਖ਼ਲਾ ਨਹੀਂ ਮਿਲੇਗਾ।
11. ਇਸ ਕਾਲਜ ਦੇ ਬੀ .ਏ./ਬੀ. ਐਸ. ਸੀ./ਬੀ. ਸੀ. ਏ./ਬੀ.ਐਸ.ਸੀ. (ECO.) /ਬੀ. ਐਸ. ਸੀ. (IT)/ਬੀ. ਐਸ. ਸੀ. (Comp. Sc.) ਬੀ.ਕਾਮ. ਸਮੈਸਟਰ-I ਅਤੇ ਸਮੈਸਟਰ-III ਦੇ ਰਿਜ਼ਲਟ ਲੇਟ ਵਾਲੇ ਉਮੀਦਵਾਰ ਆਪਣੇ ਦਾਖ਼ਲਾ ਫਾਰਮ ਗੁਰੂ ਨਾਨਕ ਯੂਨੀਵਰਸਿਟੀ ਵਲੋਂ ਨਤੀਜਾ ਨਿਕਲਣ ਤੋਂ ਤਿੰਨ ਦਿਨ ਬਾਅਦ ਤੱਕ ਜਮ੍ਹਾਂ ਕਰਵਾ ਸਕਦੇ ਹਨ। ਚੌਥੇ ਦਿਨ ਉਨ੍ਹਾਂ ਦੇ ਦਾਖ਼ਲੇ ਨੂੰ ਵਿਚਾਰਿਆ ਨਹੀਂ ਜਾਵੇਗਾ।



12. ਪ੍ਰਿੰਸੀਪਲ ਨੂੰ ਪੂਰਾ ਅਧਿਕਾਰ ਹੈ ਕਿ ਉਹ ਕਿਸੇ ਵੀ ਉਮੀਦਵਾਰ, ਜਿਸ ਨੂੰ ਉਹ ਯੋਗ ਨਾ ਸਮਝਦੇ ਹੋਣ ਜਾਂ ਜਿਸ ਨੂੰ ਦਾਖ਼ਲਾ ਦੇਣਾ ਕਾਲਜ ਦੇ ਹਿੱਤ ਵਿੱਚ ਨਾ ਸਮਝਦੇ ਹੋਣ, ਨੂੰ ਦਾਖ਼ਲਾ ਦੇਣ ਤੋਂ ਇਨਕਾਰ ਕਰ ਸਕਦੇ ਹਨ।
13. ਦਾਖ਼ਲੇ ਦੇ ਨਿਯਮਾਂ ਦੀ ਵਿਆਖਿਆ ਬਾਰੇ ਪ੍ਰਿੰਸੀਪਲ ਦਾ ਫੈਸਲਾ ਅੰਤਿਮ ਹੋਵੇਗਾ, ਜਿਸ ਨੂੰ ਹਰ ਦਾਖ਼ਲ ਉਮੀਦਵਾਰ ਪ੍ਰਵਾਨ ਕਰਨ ਦਾ ਪਾਬੰਦ ਹੋਵੇਗਾ। ਪ੍ਰਾਸਪੈਕਟਸ ਵਿੱਚ ਦਰਜ ਕੀਤੇ ਹੋਏ ਨਿਯਮਾਂ ਤੋਂ ਇਲਾਵਾ ਪ੍ਰਿੰਸੀਪਲ ਪਾਸ ਦਾਖ਼ਲਾ ਦੇਣ ਜਾਂ ਦਾਖ਼ਲਾ ਨਾ ਦੇਣ ਦਾ ਪੂਰਾ ਅਧਿਕਾਰ ਹੋਵੇਗਾ।
14. ਕੁਲ ਸੀਟਾਂ ਦੀ ਗਿਣਤੀ, ਉਪਲੱਬਧ ਟੀਚਿੰਗ ਸਟਾਫ, ਇਮਾਰਤ ਅਤੇ ਭਾਗ ਦੂਸਰਾ ਅਤੇ ਤੀਸਰਾ ਵਿੱਚੋਂ ਫੇਲ੍ਹ ਹੋਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਨੂੰ ਧਿਆਨ ਵਿੱਚ ਰਖਦੇ ਹੋਏ ਪ੍ਰਿੰਸੀਪਲ ਨੂੰ ਪੂਰਾ ਅਧਿਕਾਰ ਹੈ ਕਿ ਉਹ ਬਿਨਾਂ ਕਿਸੇ ਅਗਾਊਂ ਨੋਟਿਸ ਦਿੱਤੇ ਸੀਟਾਂ ਘਟਾ ਜਾਂ ਵਧਾ ਸਕਦੇ ਹਨ।
15. ਗੁਰੂ ਨਾਨਕ ਦੇਵ ਯੂਨੀਵਰਸਿਟੀ ਜਾਂ ਪੰਜਾਬ ਸਰਕਾਰ ਦੇ ਆਦੇਸ਼ਾਂ ਅਨੁਸਾਰ ਦਾਖਲੇ ਦੇ ਕਿਸੇ ਵੀ ਨਿਯਮ ਨੂੰ ਬਦਲਣ ਜਾਂ ਸੋਧਣ ਦਾ ਪ੍ਰਿੰਸੀਪਲ ਨੂੰ ਪੂਰਾ - ਪੂਰਾ ਅਧਿਕਾਰ ਹੈ।
16. ਦਾਖਲਾ ਫਾਰਮ ਨਾਲ ਨੱਥੀ ਕੀਤੇ ਨਤੀਜੇ ਕਾਰਡ ਤੇ ਟਿਕਟ ਲਾ ਕੇ ਅਤੇ ਘਰ ਦਾ ਪੱਕਾ ਪਤਾ ਭਰ ਕੇ ਦਾਖਲਾ ਫਾਰਮ ਦੇ ਨਾਲ ਜਮ੍ਹਾਂ ਕਰਵਾਇਆ ਜਾਵੇ।
17. ਕਾਲਜ ਪ੍ਰਾਸਪੈਕਟਸ ਕਾਨੂੰਨੀ ਦਸਤਾਵੇਜ਼ ਨਹੀਂ ਹੈ ਅਤੇ ਇਸ ਨੂੰ ਕਿਸੇ ਕਾਨੂੰਨੀ ਅਦਾਲਤ ਵਿੱਚ ਵੰਗਾਰਿਆ ਨਹੀਂ ਜਾ ਸਕਦਾ।
18. ਬੀ. ਏ. ਸਮੈਸਟਰ-1 ਵਿੱਚ ਇੱਕ ਵਿਸ਼ੇ ਵਿੱਚ ਵਿਦਿਆਰਥੀਆਂ ਦੀ ਗਿਣਤੀ 15 ਤੋਂ ਘੱਟ ਹੋਣ ਦੀ ਸੂਰਤ ਵਿੱਚ ਉਹ ਵਿਸ਼ਾ ਨਹੀਂ ਚਲਾਇਆ ਜਾਵੇਗਾ ਅਤੇ ਉਹ ਵਿਸ਼ਾ ਬਦਲਣਾ ਪਵੇਗਾ।
19. ਵਿਦਿਆਰਥੀ ਦੇ ਹਿੱਤ ਵਿੱਚ ਹੈ ਕਿ ਉਹ ਰੋਜ਼ ਨੋਟਿਸ ਬੋਰਡ ਪੜ੍ਹਿਆ ਕਰਨ ਤਾਂ ਕਿ ਕਿਸੇ ਕਿਸਮ ਦੀ ਸੂਚਨਾਂ ਤੋਂ ਉਹ ਵਾਂਝੇ ਨਾ ਰਹਿ ਜਾਣ।

## ਮੁੱਢਲੀ ਪੰਜਾਬੀ ਦਾ ਵਿਸ਼ਾ ਲੈਣ ਲਈ ਸ਼ਰਤਾਂ

ਅਜਿਹਾ ਵਿਦਿਆਰਥੀ ਜੋ ਕਿ ਸਰਕਾਰੀ/ਅਰਧ-ਸਰਕਾਰੀ/ਕੇਂਦਰੀ ਸਰਕਾਰ/ ਸੁਰੱਖਿਆ ਬਲਾਂ ਦਾ ਕਰਮਚਾਰੀ ਹੋਵੇ ਜਾਂ ਅਜਿਹੇ ਕਰਮਚਾਰੀ ਦਾ ਬੱਚਾ ਹੋਵੇ ਅਤੇ ਦਾਖਲਾ ਲੈਣ ਤੋਂ ਤੁਰੰਤ ਪਹਿਲਾਂ ਘੱਟੋ-ਘੱਟ 10 ਸਾਲ ਪੰਜਾਬ ਪ੍ਰਾਂਤ/ਚੰਡੀਗੜ (ਯੂਟੀ) ਤੋਂ ਬਾਹਰ ਰਿਹਾ ਹੋਵੇ ਅਤੇ ਮੈਟ੍ਰਿਕ ਤੱਕ ਪੰਜਾਬੀ ਨਾ ਪੜ੍ਹੀ ਹੋਵੇ।

**ਜਾਂ**

ਵਿਦਿਆਰਥੀ ਨੇ 10+2 ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ ਤੋਂ ਪੰਜਾਬੀ ਲਾਜ਼ਮੀ ਵਿਸ਼ੇ ਦੀ ਥਾਂ ਪੰਜਾਬ ਹਿਸਟਰੀ ਅਤੇ ਕਲਚਰ ਵਿਸ਼ਾ ਲੈ ਕੇ ਪਾਸ ਕੀਤੀ ਹੋਵੇ।

**ਜਾਂ**

ਉਸ ਨੇ ਮੈਟ੍ਰਿਕ ਦੀ ਪ੍ਰੀਖਿਆ ਪੰਜਾਬ ਪ੍ਰਾਂਤ ਜਾਂ ਚੰਡੀਗੜ੍ਹ (ਯੂਟੀ) ਤੋਂ ਬਾਹਰੋ ਪੰਜਾਬੀ ਵਿਸ਼ਾ ਲਏ ਬਗੈਰ ਪਾਸ ਕੀਤੀ ਹੋਵੇ।

**ਜਾਂ**

ਵਿਦਿਆਰਥੀ ਪੰਜਾਬ ਦਾ ਵਾਸੀ ਨਾ ਹੋਵੇ ਅਤੇ ਉਸ ਦੀ ਮਾਂ ਬੋਲੀ ਪੰਜਾਬੀ ਨਾ ਹੋਵੇ ਅਤੇ ਉਸ ਨੇ ਮੈਟ੍ਰਿਕ /10+2 ਦੀ ਪੱਧਰ ਤੇ ਪੰਜਾਬੀ ਵਿਸ਼ਾ ਨਾ ਪੜ੍ਹਿਆ ਹੋਵੇ।

**ਜਾਂ**

ਉਹ ਐਨ ਆਰ ਆਈ, ਜਾਂ ਵਿਦੇਸ਼ੀ ਨਾਗਰਿਕ ਹੋਵੇ।

**ਜਾਂ**

ਅਜਿਹਾ ਵਿਦਿਆਰਥੀ ਜੋ ਬੀ. ਏ., ਬੀ. ਐਸ. ਸੀ., ਬੀ. ਕਾਮ., ਭਾਗ ਪਹਿਲਾ ਪਾਸ ਕਰਨ ਤੋਂ ਪਹਿਲਾਂ ਜਾਂ ਬਾਅਦ ਕਿਸੇ ਹੋਰ ਯੂਨੀਵਰਸਿਟੀ ਤੋਂ ਇਸ ਯੂਨੀਵਰਸਿਟੀ ਵਿੱਚ ਤਬਦੀਲ ਹੋ ਕੇ ਆਇਆ ਹੋਵੇ ਅਤੇ ਉਸਨੇ ਉਸ ਯੂਨੀਵਰਸਿਟੀ ਵਿੱਚ ਪੰਜਾਬੀ ਲਾਜ਼ਮੀ ਵਿਸ਼ਾ ਨਾ ਪੜ੍ਹਿਆ ਹੋਵੇ।

**ਨੋਟ :-ਇਹ ਵਿਸ਼ਾ (ਮੁੱਢਲੀ ਪੰਜਾਬੀ), ਲੈਣ ਵਾਲੇ ਜਿਹੜੇ ਵਿਦਿਆਰਥੀ ਪੰਜਾਬ ਵਾਸੀ ਨਹੀਂ ਹਨ, ਉਹ ਜਿਸ ਰਾਜ ਦੇ ਵਾਸੀ ਹੋਣ, ਉਥੋਂ ਦੇ ਸਮਰਥ ਅਧਿਕਾਰੀ ਵੱਲੋ ਜਾਰੀ ਕੀਤਾ ਡੋਮੀਸਾਈਲ ਸਰਟੀਫਿਕੇਟ ਦੇਣਗੇ।**

# ਮਾਈਗ੍ਰੇਸ਼ਨ ਅਤੇ ਪਾਤਰਤਾ ਸਰਟੀਫਿਕੇਟ ਸੰਬੰਧੀ ਨਿਯਮ

### (Eligibility Certificate)

ਜਿਹੜੇ ਵਿਦਿਆਰਥੀਆਂ ਨੇ ਹੇਠਲੀ ਪ੍ਰੀਖਿਆ ਕਿਸੇ ਹੋਰ ਬੋਰਡ/ ਯੂਨੀਵਰਸਿਟੀ (ਪੰਜਾਬ, ਪੰਜਾਬੀ ਯੂਨੀਵਰਸਿਟੀ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਛੱਡ ਕੇ) ਤੋਂ ਪਾਸ ਕੀਤੀ ਹੈ, ਉਨਾਂ ਲਈ ਦਾਖਲਾ ਲੈਣ ਸਮੇਂ ਇਸ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਪਾਤਰਤਾ ਸਰਟੀਫਿਕੇਟ (ਇਲਿਜਿਬੀਲਟੀ ਸਰਟੀਫਿਕੇਟ) ਲੈਣਾ ਜਰੂਰੀ ਹੈ। ਪਾਤਰਤਾ ਸਰਟੀਫਿਕੇਟ ਤੋਂ ਬਿਨਾਂ ਦਾਖਲਾ ਨਹੀਂ ਦਿੱਤਾ ਜਾਵੇਗਾ।

**ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਪ੍ਰਾਪਤ ਹਦਾਇਤਾਂ ਅਨੁਸਾਰ ਪਾਤਰਤਾ ਸਰਟੀਫਿਕੇਟ ਪ੍ਰਾਪਤ ਕਰਨ ਦੀ ਮਿਤੀ ਕਾਲਜ ਨੋਟਿਸ ਬੋਰਡ ਤੇ ਲਗਾ ਦਿਤੀ ਜਾਵੇਗੀ**

**ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਪਾਤਰਤਾ ਦਾ ਸਰਟੀਫਿਕੇਟ ਲੈਣ ਲਈ ਨਿਰਧਾਰਿਤ ਫਾਰਮ ਅਤੇ ਬਿਨੈ - ਪੱਤਰ ਨਾਲ ਫੀਸ ਸਮੇਤ ਹੇਠ ਲਿਖੇ ਦਸਤਾਵੇਜ਼ ਪੇਸ਼ ਕਰਨੇ ਜ਼ਰੂਰੀ ਹਨ:-**

1. ਹੇਠਲੀ ਪ੍ਰੀਖਿਆ ਦਾ ਅਸਲ ਸਰਟੀਫਿਕੇਟ ਅਤੇ ਅੰਕ ਵੇਰਵਾ ਕਾਰਡ ।
2. ਸੰਬੰਧਿਤ ਬੋਰਡ ਜਾਂ ਯੂਨੀਵਰਸਿਟੀ ਦਾ ਮਾਈਗਰੇਸ਼ਨ ਸਰਟੀਫਿਕੇਟ । (ਮਾਈਗਰੇਸ਼ਨ ਸਰਟੀਫਿਕੇਟ ਪ੍ਰਾਪਤ ਨਾ ਸਰਟੀਫਿਕੇਟ ਲਈ ਬਿਨੈ - ਪੱਤਰ ਭੇਜਿਆ ਜਾ ਸਕਦਾ ਹੈ।)
3. ਯੋਗ ਅਧਿਕਾਰੀ ਵੱਲੋਂ ਜਾਰੀ ਕੀਤਾ ਗਿਆ ਰਿਜ਼ਰਵ ਕੈਟਾਗਿਰੀ ਸਰਟੀਫਿਕੇਟ (ਜਿਵੇਂ ਐਸ ਸੀ/ਐਸ ਟੀ/ਬੀ ਸੀ) ਅਤੇ ਪੰਜਾਬ ਡੋਮੀਸਾਈਲ ਸਰਟੀਫਿਕੇਟ/ਰੈਜ਼ੀਡੈਂਸ ਸਰਟੀਫਿਕੇਟ ।
4. ਐਂਟਰੈਂਸ ਟੈਸਟ ਕਾਰਡ ਜਾਂ ਸਿਲੈਕਸ਼ਨ ਲਿਸਟ ਦੀ ਤਸਦੀਕ ਸ਼ੁਦਾ ਕਾਪੀ (ਕੇਵਲ ਉਹਨਾਂ ਕੋਰਸਾਂ/ਕਲਾਸਾਂ ਲਈ ਜਿਥੇ ਦਾਖ਼ਲਾ ਐਂਟਰੈਂਸ ਟੈਸਟ ਦੇ ਆਧਾਰ ਤੇ ਕੀਤਾ ਗਿਆ ਹੋਵੇ)
5. ਜਿਨਾਂ ਵਿਦਿਆਰਥੀਆਂ ਨੇ ਹੇਠਲੀ ਪ੍ਰੀਖਿਆ ਪੰਜਾਬ/ਪੰਜਾਬੀ ਯੂਨੀਵਰਸਿਟੀ ਜਾਂ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਪਾਸ ਕੀਤੀ ਹੋਵੇ ਉਹਨਾਂ ਨੂੰ ਪਾਤਰਤਾ ਸਰਟੀਫਿਕੇਟ ਤੋਂ ਛੋਟ ਹੋਵੇਗੀ। ਪਰੰਤੂ ਉੱਪਰ ਦਰਸਾਏ ਸਾਰੇ ਦਸਤਾਵੇਜ਼(ਅਸਲ) ਮਿਥੀ ਗਈ ਤਰੀਕ ਤੱਕ ਪੇਸ਼ ਕਰਨੇ ਹੋਣਗੇ।
6. ਬਿਹਾਰ ਇੰਟਰਮੀਡੀਏਟ ਐਜੂਕੇਸ਼ਨ ਕੌਂਸਲ ਪਟਨਾ ਤੋਂ ਇੰਟਰਮੀਡੀਏਟ ਪਾਸ ਵਿਦਿਆਰਥੀ ਦੀ ਪਾਤਰਤਾ ਸਰਟੀਫਿਕੇਟ ਲੈਣ ਲਈ ਉਪਰ ਦਰਸਾਏ ਦਸਤਾਵੇਜ਼ ਤੋਂ ਇਲਾਵਾ ਕੌਂਸਿਲ ਵੱਲੋਂ ਜਾਰੀ ਐਡਮਿਟ ਕਾਰਡ ਅਤੇ ਕਾਲਜ/ ਸਕੂਲ ਵੱਲੋਂ ਜਾਰੀ ਟ੍ਰਾਂਸਫਰ/ ਕਰੈਕਟਰ ਸਰਟੀਫਿਕੇਟ ਵੀ ਨਾਲ ਲਗਾਉਣਾ ਜ਼ਰੂਰੀ ਹੋਵੇਗਾ।
7. ਵਿਦੇਸ਼ੀ ਵਿਦਿਆਰਥੀਆਂ ਨੂੰ ਦਾਖਲਾ ਤਾਂ ਹੀ ਦਿੱਤਾ ਜਾਵੇਗਾ ਜੇਕਰ ਉਹਨਾਂ ਕੋਲ ਸਟੂਡੈਂਟ ਵੀਜਾ ਹੋਵੇਗਾ। ਇਸ ਤੋਂ ਇਲਾਵਾ ਕਿਸੇ ਹੋਰ ਤਰ੍ਹਾਂ ਦਾ ਵੀਜਾ ਰੱਖਣ ਵਾਲੇ ਵਿਦਿਆਰਥੀ ਨੂੰ ਦਾਖਲਾ ਨਹੀਂ ਦਿੱਤਾ ਜਾਵੇਗਾ। ਉਸ ਵੱਲੋਂ ਪਾਸ ਕੀਤੀ ਪ੍ਰੀਖਿਆ ਦੀ ਰੈਕੋਗਨੀਸ਼ਨ ਸੰਬੰਧੀ ਪੱਤਰ ਵਿਦਿਆਰਥੀ ਨੂੰ ਆਪਣੀ ਪੱਧਰ ਤੋਂ ਐਸੋਸੀਏਸ਼ਨ ਆਫ ਇੰਡੀਅਨ ਯੂਨੀਵਰਸਿਟੀ, ਕੋਟਲਾ ਮਾਰਗ, ਨਵੀਂ ਦਿੱਲੀ ਤੋ ਲਿਆ ਕੇ ਦੇਣਾ ਹੋਵੇਗਾ।

**ਨੋਟ : ਜਿਨ੍ਹਾਂ ਵਿਦਿਆਰਥੀ ਨੇ ਨੈਸ਼ਨਲ ਓਪਨ ਸਕੂਲ, ਨਵੀਂ ਦਿੱਲੀ ਤੋਂ ਸੀਨੀਅਰ ਸਕੂਲ ਸਰਟੀਫਿਕੇਟ (+2) ਪ੍ਰੀਖਿਆ ਚਾਰ ਵਿਸ਼ਿਆਂ (ਸਮੇਤ ਅੰਗਰੇਜ਼ੀ) ਨਾਲ ਮੈਟ੍ਰਿਕ ਪਾਸ ਕਰਨ ਤੋਂ ਘੱਟ ਤੋਂ ਘੱਟ ਦੋ ਸਾਲ ਬਾਅਦ ਪਾਸ ਕੀਤੀ ਹੋਵੇ, ਉਹ ਕੇਵਲ ਬੀ ਏ / ਬੀ ਐਸ ਸੀ/ਬੀ ਕਾਮ (ਪਾਸ ਕੋਰਸ) ਵਿੱਚ ਦਾਖ਼ਲ ਲਈ ਅਰਜ਼ੀ ਦੇ ਸਕਦੇ ਹਨ। ਅਜਿਹੇ ਵਿਦਿਆਰਥੀ ਨੂੰ ਪੰਜਵਾਂ ਘਟਦਾ ਵਿਸ਼ਾਂ ਉਸੇ ਗਰੁੱਪ ਓਪਨ ਸਕੂਲ, ਨਵੀਂ ਦਿੱਲੀ ਤੋਂ ਆਉਂਦੀ ਸਪਲੀਮੈਂਟਰੀ ਜਾਂ ਸਲਾਨਾ ਪ੍ਰੀਖਿਆ ਨਾਲ ਪਾਸ ਕਰਨਾ ਪਵੇਗਾ, ਨਹੀਂ ਤਾਂ ਦਾਖ਼ਲਾ ਰੱਦ ਸਮਝਿਆ ਜਾਵੇਗਾ ।**

## ਰਾਖ਼ਵੀਆਂ ਸੀਟਾਂ

ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਨਵੇਂ ਵਿਦਿਆਰਥੀਆਂ ਲਈ ਰਾਖ਼ਵੀਆਂ ਸੀਟਾਂ ਦਾ ਵੇਰਵਾ ਇਸ ਪ੍ਰਕਾਰ ਹੈ:

| ਲੜੀ ਨੰ: | ਸ਼ਰੇਣੀ | ਰਾਖ਼ਵੀਂ ਪ੍ਰਤੀਸ਼ਤ |
|---|---|---|
| 1. | ਅਨੁਸੂਚਿਤ ਜਾਤੀਆਂ/ ਪੱਟੀਦਰਜ ਕਬੀਲਿਆਂ (SC/ST) | 25% |
| 2. | ਪੱਛੜੀਆਂ ਸ਼ਰੇਣੀਆਂ (BC) | 10% |
| 3. | ਬੀ ਐਸ ਐਫ.,ਆਰਮਡ ਫੋਰਸਿਜ਼ ਅਤੇ ਸੀ ਆਰ ਪੀ ਵਿੱਚ ਕੰਮ ਕਰ ਰਹੇ ਅਤੇ ਸਾਬਕਾ ਅਫਸਰਾਂ ਅਤੇ ਕਰਮਚਾਰੀਆਂ ਦੇ ਬੱਚਿਆਂ ਲਈ (ਇਸ ਵਿੱਚ ਉਹ ਅਧਿਕਾਰੀ ਕਰਮਚਾਰੀ ਵੀ ਸ਼ਾਮਲ ਹੋਣਗੇ/ਜੋ ਸੇਵਾ ਦੌਰਾਨ ਸਵਰਗਵਾਸ ਹੋ ਚੁੱਕੇ ਹਨ ।) | 2% |
| 4. | ਖ਼ਿਡਾਰੀਆਂ ਲਈ | 2% |
| 5. | ਮਾਨਤਾ ਪ੍ਰਾਪਤ ਵਿਦਿਅਕ ਸੰਸਥਾਵਾਂ ਵਿੱਚ ਕੰਮ ਕਰ ਰਹੇ ਅਧਿਆਪਕਾਂ/ ਸਿਖਿਆ ਕਰਮਚਾਰੀ ਦੇ ਬੱਚਿਆਂ ਲਈ | 2% |
| 6. | ਫਰੀਡਮ ਫਾਈਟਰ | 2% |

7. Physically Disabled

| | |
|---|---|
| ਵਿਦਿਆਰਥੀ ਲਈ | 3% |
| ੳ) ਅੰਨ੍ਹੇ | 1% |
| ਅ) ਗੂੰਗੇ ਅਤੇ ਬੋਲੇ | 1% |
| ੲ) ਹੋਰ ਅਪਾਹਿਜ | 1% |

(ਸਰਟੀਫਿਕੇਟ ਸੀ ਐਮ ਓ ਦੁਆਰਾ ਤਸਦੀਕ ਹੋਣਾ ਚਾਹੀਦਾ ਹੈ)

**ਨੋਟ : ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਜੇਕਰ ਕੋਈ ਤਬਦੀਲੀ ਆਉਂਦੀ ਹੈ ਤਾਂ ਦਾਖ਼ਲੇ ਸਮੇਂ ਵਿਚਾਰ ਲਈ ਜਾਵੇਗੀ।**

## ਰਾਖ਼ਵੀਆਂ ਸੀਟਾਂ ਲਈ ਵਿਸ਼ੇਸ਼ ਸੰਕੇਤ

ੳ) ਦਾਖ਼ਲਾ ਫਾਰਮ ਨਾਲ ਜਾਤੀ ਸਰਟੀਫਿਕੇਟ ਲਾਉਣਾ ਜ਼ਰੂਰੀ ਹੈ। ਪਛੜੀਆਂ ਸ਼੍ਰੇਣੀਆਂ ਦੇ ਜਿਨ੍ਹਾਂ ਬੱਚਿਆਂ ਦੇ ਮਾਪਿਆਂ ਦੀ ਕੁੱਲ ਸਲਾਨਾ ਆਮਦਨ ਪੰਜਾਬ ਸਰਕਾਰ ਦੀ ਨੀਤੀ ਅਨੁਸਾਰ ਹੈ, ਕੇਵਲ ਉਨ੍ਹਾਂ ਨੂੰ ਹੀ ਰਾਖ਼ਵੀਆਂ ਸੀਟਾਂ ਲਈ ਵਿਚਾਰਿਆ ਜਾਵੇਗਾ। ਇਸ ਲਈ ਆਮਦਨ ਸਰਟੀਫਿਕੇਟ ਦੇਣਾ ਜ਼ਰੂਰੀ ਹੋਵੇਗਾ।

ਅ) ਜਾਤੀ ਸਰਟੀਫਿਕੇਟ ਅਤੇ ਆਮਦਨ ਸਰਟੀਫਿਕੇਟ ਆਪਣੇ ਇਲਾਕੇ ਦੇ ਡਿਪਟੀ ਕਮਿਸ਼ਨਰ/ਐਡੀਸ਼ਨਲ ਡਿਪਟੀ ਕਮਿਸ਼ਨਰ/ਸਬ ਡਿਵੀਜ਼ਨਲ ਕਲਾਸ ਮੈਜਿਸਟਰੇਟ/ ਕਾਰਜਕਾਰੀ ਮੈਜਿਸਟਰੇਟ/ਫਸਟ ਕਲਾਸ ਮੈਜਿਸਟਰੇਟ/ ਤਹਿਸੀਲਦਾਰ ਦੁਆਰਾ ਜਾਰੀ ਕੀਤਾ ਗਿਆ ਹੋਣਾ ਚਾਹੀਦਾ ਹੈ।

ੲ) ਬੀ ਐਸ ਐਫ/ਆਰਮਡ ਫੋਰਸਿਜ਼/ ਸੀ ਆਰ ਪੀ ਐਫ ਦੇ ਕੰਮ ਕਰ ਰਹੇ ਅਤੇ ਸਾਬਕਾ ਅਧਿਕਾਰੀਆਂ ਦੇ ਬੱਚਿਆਂ ਨੂੰ ਆਪਣੇ ਦਾਖ਼ਲਾ ਫਾਰਮ ਨਾਲ ਕਮਾਂਡੈਂਟ ਅਫਸਰ ਵੱਲੋਂ ਜਾਰੀ ਕੀਤਾ ਸਰਟੀਫਿਕੇਟ ਜਾਂ ਡਿਸਚਾਰਜ ਸਰਟੀਫਿਕੇਟ ਲਗਾਉਣਾ ਜ਼ਰੂਰੀ ਹੈ।

ਸ) ਬੀ ਏ ਸਮੈਸਟਰ-I ਵਿੱਚ ਸਰੀਰਕ ਸਿੱਖਿਆ ਦਾ ਵਿਸ਼ਾ ਉਨ੍ਹਾਂ ਵਿਦਿਆਰਥੀ ਨੂੰ ਹੀ ਦਿੱਤਾ ਜਾਵੇਗਾ।

1. ਜਿਹੜੇ ਵਿਦਿਆਰਥੀਆਂ ਨੇ ਖ਼ੇਡਾਂ ਵਿੱਚ ਜ਼ਿਲ੍ਹਾ ਪੱਧਰ, ਰਾਜ ਜਾਂ ਅੰਤਰ-ਰਾਜੀ ਮੁਕਾਬਲਿਆਂ ਵਿੱਚ ਹਿੱਸਾ ਲਿਆ ਹੋਵੇ।



2. ਇਸ ਤੋਂ ਇਲਾਵਾ ਸਰੀਰਕ ਸਿੱਖਿਆ ਦਾ ਵਿਸ਼ਾ ਲੈਣ ਵਾਲੇ ਇੱਛੁਕ ਵਿਦਿਆਰਥੀ ਨੂੰ ਸਰੀਰਕ ਸਮਰੱਥਾ ਟੈਸਟ ਦੇ ਆਧਾਰ ਤੇ ਹੀ ਇਹ ਵਿਸ਼ਾ ਦਿੱਤਾ ਜਾਵੇਗਾ ਅਤੇ ਇਹ ਟੈਸਟ ਨਿਰਧਾਰਿਤ ਮਿਤੀਆਂ ਅਨੁਸਾਰ ਕਾਲਜ ਪੱਧਰ ਤੇ ਹੋਵੇਗਾ।
3. ਖ਼ਿਡਾਰੀਆਂ ਦਾ ਦਾਖ਼ਲਾ ਮੈਰਿਟ ਅਤੇ ਯੋਗਤਾ ਨੂੰ ਮੌਕੇ ਉੱਤੇ ਟੈਸਟ ਲੈ ਕੇ ਪਰਖ਼ਣ ਉਪਰੰਤ ਕੀਤਾ ਜਾਂਦਾ ਹੈ। ਉਹ ਖ਼ਿਡਾਰੀ ਦਾਖ਼ਲ ਕੀਤੇ ਜਾਂਦੇ ਹਨ, ਜਿਹੜੇ ਨਿਯਮਾਂ ਅਨੁਸਾਰ ਕਾਲਜ ਦੀਆਂ ਟੀਮਾਂ ਵਿੱਚ ਖ਼ੇਡਣ ਦੇ ਯੋਗ ਹੋਣ ਅਤੇ ਯੂਨੀਵਰਸਿਟੀ ਵਿੱਚ ਕਾਲਜ ਵੱਲੋਂ ਹਿੱਸਾ ਲੈ ਸਕਣ। ਇਨ੍ਹਾਂ ਖ਼ਿਡਾਰੀਆਂ ਦਾ ਦਾਖ਼ਲਾ ਕਰਨ ਵੇਲੇ ਕਾਲਜ ਵਿੱਚ ਬਣ ਸਕਣ ਵਾਲੀਆਂ ਟੀਮਾਂ ਅਤੇ ਯੂਨੀਵਰਸਿਟੀ ਵੱਲੋਂ ਮਾਨਤਾ ਪ੍ਰਾਪਤ ਖ਼ੇਡਾਂ ਦਾ ਧਿਆਨ ਰੱਖਿਆ ਜਾਂਦਾ ਹੈ।

ਹ) ਸਰਕਾਰੀ ਜਾਂ ਮਾਨਤਾ ਪ੍ਰਾਪਤ ਵਿਦਿਅਕ ਸੰਸਥਾਵਾਂ ਵਿੱਚ ਕੰਮ ਕਰ ਰਹੇ ਅਧਿਆਪਕਾਂ ਦੇ ਬੱਚਿਆਂ ਲਈ ਆਪਣੇ ਦਾਖ਼ਲਾ ਫਾਰਮ ਨਾਲ ਸਬੰਧਤ ਸੰਸਥਾ ਤੇ ਮੁਖ਼ੀ ਦਾ ਸਰਟੀਫਿਕੇਟ ਲਗਾਉਣਾ ਜ਼ਰੂਰੀ ਹੈ। ਸਕੂਲ ਦੇ ਮੁਖ਼ੀ ਦਾ ਸਰਟੀਫਿਕੇਟ ਡੀ. ਈ. ਓ. ਦੁਆਰਾ ਹੈ।

ਕ) ਵਿਦਿਆਰਥੀ ਜਿਨਾਂ ਵਰਗਾਂ ਲਈ ਰਾਖ਼ਵੀਂ ਸੀਟ ਦੀ ਸਵੈ-ਇੱਛਾ ਪ੍ਰਗਟ ਕਰਨਗੇ, ਉਨ੍ਹਾਂ ਸੰਬੰਧੀ ਜ਼ਰੂਰੀ ਦਸਤਾਵੇਜ਼ ਪਹਿਲਾਂ ਹੀ ਨੱਥੀ ਕਰਨੇ ਜ਼ਰੂਰੀ ਹੋਣਗੇ।

ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼ਰੇਣੀਆਂ ਦੇ ਬੱਚਿਆਂ ਨੂੰ ਆਪਣੇ ਦਾਖ਼ਲਾ ਫਾਰਮ ਨਾਲ ਆਪਣੇ ਇਲਾਕੇ ਦੇ ਡਿਪਟੀ ਕਮਿਸ਼ਨਰ/ ਐਡੀਸ਼ਨਲ ਡਿਪਟੀ ਕਮਿਸ਼ਨਰ/ਸਬ ਡਿਵੀਜ਼ਨਲ ਮੈਜਿਸਟਰੇਟ/ਕਾਰਜਕਾਰੀ ਮੈਜਿਸਟਰੇਟ/ਫਸਟ ਕਲਾਸ ਮੈਜਿਸਟਰੇਟ/ ਤਹਿਸੀਲਦਾਰ ਦੁਆਰਾ ਜਾਰੀ ਕੀਤਾ ਸਰਟੀਫਿਕੇਟ ਲਾਉਣਾ ਜ਼ਰੂਰੀ ਹੋਵੇਗਾ। ਅਨੁਸੂਚਿਤ ਜਾਤੀ ਅਤੇ ਪਛੜੀ ਜਾਤੀ ਦੇ ਵਿਦਿਆਰਥੀ ਨੂੰ ਦਾਖ਼ਲੇ ਸਮੇਂ ਜਾਤੀ ਦਾ ਸਰਟੀਫਿਕੇਟ, ਘੱਟ ਆਮਦਨ ਦਾ ਸਰਟੀਫਿਕੇਟ (ਐਸ ਸੀ ਵਾਸਤੇ 2.5 ਲੱਖ ਤੋਂ ਘੱਟ), ਆਧਾਰ ਕਾਰਡ ਦੀ ਫੋਟੋ ਕਾਪੀ, ਆਨਲਾਈਨ ਬੈਂਕ ਦਾ ਖ਼ਾਤਾ ਨੰ, ਪੰਜਾਬ ਰਾਜ ਦਾ ਵਸਨੀਕ ਹੋਣ ਦਾ ਸਰਟੀਫਿਕੇਟ ਆਦਿ ਦਸਤਾਵੇਜ਼ ਦਾਖ਼ਲੇ ਸਮੇਂ ਪੇਸ਼ ਕਰਨੇ ਅਤੀ ਜ਼ਰੂਰੀ ਹਨ। ਜਿਹੜੇ SC/BC ਵਿਦਿਆਰਥੀਆਂ ਦੀਆਂ ਹਾਜ਼ਰੀਆਂ 75% ਤੋਂ ਘੱਟ ਹੋਣਗੀਆਂ ਉਹਨਾਂ ਨੂੰ ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਵਜ਼ੀਫਾ ਨਹੀ ਮਿਲ ਸਕਦਾ।

# ਪੜ੍ਹਾਏ ਜਾਣ ਵਾਲੇ ਵਿਸ਼ਿਆਂ ਦਾ ਵੇਰਵਾ

**ਬੀ. ਏ. ਸਮੈਸਟਰ-I (160 ਸੀਟਾਂ ਹਰੇਕ ਸਮੈਸਟਰ ਵਾਸਤੇ)**

**ਲਾਜ਼ਮੀ ਵਿਸ਼ਾ - ਅੰਗਰੇਜ਼ੀ, ਪੰਜਾਬੀ**

**B.A. ਸਮੈਸਟਰ-I ਕੋਈ ਵੀ ਇਕ ਲਾਈਨ ਵਾਲੇ ਵਿਸ਼ੇ ਲਏ ਜਾ ਸਕਦੇ ਹਨ:-**

1. Elec. Pbi/Hindi/Eng., History, Pol. Sci.
2. Elec. Pbi/Hindi/Eng., History, Geo.
3. Elec. Pbi/Hindi/Eng., History, Comp. Sci.
4. Elec. Pbi/Hindi/Eng., History, Phy. Edu.
5. Elec. Pbi/Hindi/Eng., Pol. Sci., Comp. Sci.
6. Elec. Pbi/Hindi/Eng., Pol. Sci., Eco.
7. Elec. Pbi/Hindi/Eng., Economics, Geo.
8. Elec. Pbi/Hindi/Eng., Pol. Sci., Geo.
9. Maths, Eco., Comp. Sci.
10. Maths, Eco., Phy. Edu.
11. Geo., Eco., Comp. Sci.

### Sc. Scholarship Requirments
### Step I for Admission

**ਕਾਲਜ ਵਿਖੇ SC ਕੈਟੇਗਰੀ ਵਿਚ ਦਾਖਲਾ ਲੈਣ ਲਈ ਵਿਦਿਆਰਥੀਆਂ ਨੂੰ ਹੇਠ ਲਿਖੇ ਦਸਤਾਵੇਜਾਂ ਦੀ ਜਰੂਰਤ ਹੁੰਦੀ ਹੈ**

1. Low Income (Certificate Latest) (less than 2,00,000)
2. SC Certificate 3. Residence Certificate
4. Gap Certificate 5. Aadhar Card (Students, Mother, Father)
6. Bank Account Number (Active)

**Step II after Admission for Scholarship Apply/Approval**

1. Free Ship Card 2. Low Income 3. SC Certificate
4. Residence Certificate 5. Notary Attested Affidavit (For Freshers)
6. 4 Photos Passport Size 7. Aadhar Card (students,mother,father)
8. Last year scholarship portal apply (for renewal) 9. Fee Slips
10. Bank Pass book photocopy 11. Last pass examination DMC

## ਸਮੈਸਟਰ III, IV ਵਿਚ Enviromental Study

ਨੋਟ : 1. ਗਣਿਤ ਦਾ ਵਿਸ਼ਾ ਕੇਵਲ ਉਹੀ ਵਿਦਿਆਰਥੀ ਲੈ ਸਕਦੇ ਹਨ ਜਿਨ੍ਹਾਂ ਨੇ S.S.C-II ਵਿੱਚ ਚੋਣਵੇ ਵਿਸ਼ੇ ਦੇ ਤੌਰ ਤੇ ਪਾਸ ਕੀਤਾ ਹੋਵੇ।

2. GNDU ਦੀਆਂ ਹਦਾਇਤਾਂ ਅਨੁਸਾਰ ਸਰੀਰਕ ਸਿਖ਼ਿਆ ਦੇ ਵਿਸ਼ੇ ਨਾਲ ਕੰਪਿਊਟਰ ਦਾ ਵਿਸ਼ਾ ਨਹੀਂ ਲਿਆ ਜਾ ਸਕਦਾ।
3. ਯੂਨੀਵਰਸਿਟੀ ਨਿਯਮਾਂ ਅਨੁਸਾਰ ਸਮੈਸਟਰ-I ਵਿਚ ਪੜ੍ਹੇ ਵਿਸ਼ੇ ਹੀ ਸਮੈਸਟਰ II, III, IV, V, VI ਵਿਚ ਰੱਖੇ ਜਾ ਸਕਦੇ ਹਨ ਕਿਸੇ ਹਾਲਤ ਵਿਚ ਵਿਸ਼ੇ ਬਦਲੇ ਨਹੀਂ ਜਾ ਸਕਦੇ।

## ਡੀ.ਸੀ.ਏ. ਪਾਰਟ ਟਾਈਮ ਤੇ ਰੈਗੂਲਰ
(40 ਸੀਟਾਂ)

### ਬੀ ਐਸ ਸੀ (ਨਾਨ-ਮੈਡੀਕਲ) ਸਮੈਸਟਰ I, III ਅਤੇ V
(40 ਸੀਟਾਂ ਹਰੇਕ ਸਮੈਸਟਰ ਵਾਸਤੇ)

1. ਲਾਜ਼ਮੀ ਪੰਜਾਬੀ 2. ਲਾਜ਼ਮੀ ਅੰਗਰੇਜ਼ੀ 3. ਹਿਸਾਬ
4. ਭੌਤਿਕ ਵਿਗਿਆਨ 5. ਰਸਾਇਣ ਵਿਗਿਆਨ

ਈ ਵੀ ਐਸ ਤੀਸਰੇ ਸਮੈਸਟਰ ਵਿਚ

### ਬੀ ਐਸ ਸੀ (ਮੈਡੀਕਲ) ਸਮੈਸਟਰ I, III ਅਤੇ V
(40 ਸੀਟਾਂ ਹਰੇਕ ਸਮੈਸਟਰ ਵਾਸਤੇ)

1. ਲਾਜ਼ਮੀ ਪੰਜਾਬੀ 2. ਲਾਜ਼ਮੀ ਅੰਗਰੇਜ਼ੀ
3. ਬਨਸਪਤੀ ਵਿਗਿਆਨ 4. ਜੀਵ ਵਿਗਿਆਨ
5. ਰਸਾਇਣ ਵਿਗਿਆਨ

ਈ ਵੀ ਐਸ ਤੀਸਰੇ ਸਮੈਸਟਰ ਵਿਚ

### ਬੀ ਕਾਮ I (Regular)
(75 Seats for each Semester)

#### Semester I
1. English (Compulsory)
2. Punjabi (Compulsory)
   OR ਮੁਢਲੀ ਪੰਜਾਬੀ (Basic Punjabi)
3. Financial Accounting
4. Business Organisation
5. Business Communication
6. Business Statistics
7. Computer Fundamentals

#### Semester III
1. English (Compulsory)
2. Punjabi (Compulsory)
   ਮੁਢਲੀ ਪੰਜਾਬੀ (Basic Punjabi)
3. Corporate Accounting
4. Company Laws
5. Financial Management
6. International Business
7. Business Environment

#### Semester V
English (Com.)

Punjabi (Com.) ਮੁਢੱਲੀ ਪੰਜਾਬੀ

Management Accounting

Direct Tax Laws

Auditing

Specialisation Course 1

Specialistion Course 2

ਇਸ ਤੋਂ ਇਲਾਵਾ ਸੈਸ਼ਨ 2007-08 ਤੋਂ ਸੈਲਫ ਫਾਈਨੈਂਸਿੰਗ ਸਕੀਮ ਅਧੀਨ ਹੇਠ ਲਿਖੇ ਕੋਰਸ ਸ਼ੁਰੂ ਕੀਤੇ ਗਏ ਹਨ :

## ਸੈਲਫ ਫਾਇਨਾਂਸ ਸਕੀਮ ਅਧੀਨ

### BACHELOR OF COMPUTER APPLICATION (BCA)
**(No. of Seats 100)**

Entry Requirement for BCA Ist Semester/B.Sc. (IT) Ist Semester

Admission for BCA Ist Semester and B.Sc. (IT) Ist Semester shall be open to an applicant who has passed 10+2 with a minimum 40% marks in aggregate in any stream with or without Mathematics OR Three year Diploma course from a Polytechnic under the State Board of Technical Education and Industrial Training, Punjab.

### BCA - Ist, 3rd & 5th Semester
(No. of Seats 100)

#### Semester I
1. Introduction to Programming C - I
2. Introduction to Computers and Information Technology
3. Mathematical Foundation of Computer Science
4. Communication Skills-I (Th. 35 + Pr. 15)
5. Punjabi/Basic Punjabi (Mudhli Punjabi) (Compulsory)
6. Practical-I (MS Ofice 2010 and Basic C Programming)

#### Semester III
1. Computer Architecture
2. Database Management System & Oracle
3. C++ (OOP Language)
4. Environmental Studies-I (Compulsory)
5. Programming Lab - C++
6. Programming Lab - Oracle
7. Environmental Study - I

#### Semester V
Paper 1 Computer Networks

Paper 2 Web Technologies using ASP.NET

Paper 3 Operating System

Paper 4 JAVA Programming Language

Paper 5 Lab based on JAVA Programming Lanuage

Paper 6 Lab based on ASP. NET

### B.Sc. (IT) Ist, 3rd & 5th Sem.
**(50 Seats for each Semester)**

#### Semester I
1. Fundamental of Computers
2. C Programming Part - I
3. Basic Mathematics & Statistics
4. Communication Skills - I (Th.35 + Pr.15)
5. Punjabi/Basic Punjabi (Mudhli Punjabi) Compulsory
6. Practical - PC Computing & C Language-I

#### Semester III
1. Object Oriented Programming Using C++
2. Data Structure
3. System Analysis & Design
4. Environmental Studies - I (Compulsory)
5. Programming Lab - I (C++, Programming Language)
6. Programming Lab - II (Data Structure)
7. Environmental Study - I

**Semester V**

Paper 1 Computer Networks

Paper 2 Operating System

Paper 3 E-Business

Paper 4 Lab-1 (Computer Networks)

Paper 5 Lab-2 (Operating System)

## ਬੀ ਐਸ ਸੀ (ਇਕਨੋਮਿਕਸ)

(40 ਸੀਟਾਂ ਹਰੇਕ ਸਮੈਸਟਰ ਵਾਸਤੇ)

### Semester I

1. English (C)
2. Punjabi (C) Or Basic Punjabi
3. Micro Economics - I
4. Mathematics/ Quantitative Techniques
5. Computer Science

**Semester III**

1. English (C)
2. Punjabi (C) or Basic Punjabi
3. Macro Economics
4. Mathematics/Quantitative Techniques
5. E.V.S.
6. Computer Science

**Semester V**

## ਯੂਨੀਵਰਸਿਟੀ ਦੇ ਸਿਲੇਬਸ ਅਨੁਸਾਰ

## ਬੀ ਐਸ ਸੀ (ਕੰਪਿਊਟਰ ਸਾਇੰਸ)

(40 ਸੀਟਾਂ ਹਰੇਕ ਸਮੈਸਟਰ ਵਾਸਤੇ)

**Ist, 3rd and 5th Semester**

1. English (C)
2. Punjabi (C) or Basic Punjabi
3. Mathematics
4. Computer Science
5. Physics and E.V.S. in 3rd Semester



## ਪੀ ਜੀ ਡੀ ਸੀ ਏ (40 ਸੀਟਾਂ ਹਰੇਕ ਸਮੈਸਟਰ ਵਾਸਤੇ)

**Semester I**

Paper-I PC Computing-I (MS Office) 2003

Paper-II PC Computing-II (Professional DTP)

Paper-III Fundamentals of Computer & Operating Systems

Paper-IV Database Management System through Oracle-10g & System Analysis & Design

**Semester II**

Paper-I Network Concepts and Management (Hardware, Software, setting in LINUX/UNIX/INT environment

Paper-II Programming in C

Paper-III Introduction to Scripting Languages, Web Designing & Uses of Internet

Paper-IV Optional

**List of Optional Papers :-**

i) Programming in Visual Basic with Active X

ii) E-Commerce / Business

iii) Multimedia System

iv) Installation and Maintenance of Computer System

## ਐਮ ਐਸ ਸੀ (ਕੰਪਿਊਟਰ ਸਾਇੰਸ)

(30 ਸੀਟਾਂ ਹਰੇਕ ਸਮੈਸਟਰ ਵਾਸਤੇ)

**Semester I**

1. Advanced Data Structures
2. Advanced Computer Architecture
3. Network Design & Performance Analysis
4. Discrete Structures
5. Soft Computing
6. Programming Laboratory-I (Based on Advanced Data Structures)

**Semester III**

1. Advanced Software Engineering
2. System Software
3. Data Mining and Warehousing
4. Concept of Core and Advanced Java
5. Network Programming
6. Programming Laboratory-III (Based on Advanced Java and Network Programming)

**SKILL BASED COURSES**

1. Certificate Programming in GST application - 6 months = 70 seats
2. Certificate software development and programming - 6months = 70 seats
3. Certificate in Entrepreneurship, Creativity and Innovation in Business - 6months = 70 seats
4. Certificate in Creative writing and Content development - 6months = 70 seats

## ਰਾਈਟ ਟੂ ਸਰਵਿਸ ਐਕਟ

ਪੰਜਾਬ ਸਰਕਾਰ ਨੇ ਰਾਈਟ ਟੂ ਸਰਵਿਸ ਐਕਟ 2011 ਲਾਗੂ ਕਰਕੇ ਵੱਖ-ਵੱਖ ਸੇਵਾਵਾਂ ਨੂੰ ਨੋਟੀਫਾਈਡ ਸਮਾਂ ਸੀਮਾ ਅੰਦਰ ਪਾਰਦਰਸ਼ੀ ਢੰਗ ਨਾਲ ਪ੍ਰਾਪਤ ਕਰਨ ਲਈ ਆਪਣੇ ਨਾਗਰਿਕਾਂ ਨੂੰ ਕਾਨੂੰਨੀ ਹੱਕ ਦਿਤਾ ਹੈ। ਦੇਰੀ ਜਾਂ ਬੇਲੋੜੀ ਨਾਹ ਕਰਨ ਦੇ ਕੇਸ ਵਿਚ, ਇਹ ਸੁਪਰਵਾਈਜਰੀਂਗ ਮਸ਼ੀਨਰੀ ਅਤੇ ਸਬੰਧਤ ਅਮਲੇ ਨੂੰ ਪੰਜਾਬ ਸੇਵਾ ਅਧਿਕਾਰ ਕਮਿਸ਼ਨ ਦੇਣ ਦਾ ਅਧਿਕਾਰ ਦਿੰਦਾ ਹੈ । ਜੇਕਰ ਕਿਸੇ ਨੂੰ ਸਮੇਂ ਸਿਰ ਸੇਵਾ ਨਹੀਂ ਮਿਲਦੀ ਤਾਂ ਉਹ ਸਬੰਧਤ ਸੇਵਾ ਦੀ ਅਪੀਲ ਅਥਾਰਟੀ/ਸੇਵਾ ਦੇਣ ਕਮਿਸ਼ਨ ਦੀ ਈ-ਮੇਲ (rtspunjabgmail.com) website: www.rtspunjab.gov.in ਜਾਂ ਹੈਲਪ ਡੈਸਕ 0172-2790182 ਤੇ ਆਪਣੀ ਸ਼ਿਕਾਇਤ ਕਰਵਾ ਸਕਦਾ ਹੈ ।

| ਲੜੀ ਨੰ | ਸੇਵਾ ਦਾ ਵੇਰਵਾ | ਸਮਾਂ | ਡੈਜੀਗਨੇਟਿਡ ਅਫਸਰ | ਗ੍ਰੈਵਿਐਂਸ ਰਿਡਰੇਸਲ ਅਥਾਰਟੀ | ਐਪੀਲੈਂਟ ਅਥਾਰਟੀ |
|---|---|---|---|---|---|
| 1 | ਡੁਪਲੀਕੇਟ ਸਰਟੀਫਿਕੇਟ ਜਾਰੀ ਕਰਤਾ | 30 ਦਿਨ | ਰਜਿਸਟਰਾਰ GNDU, Amritsar. | ਵਾਈਸ ਚਾਂਸਲਰ | ਪ੍ਰਿੰਸੀਪਲ ਸੈਕਟਰੀ ਹਾਇਰ ਐਜੂਕੇਸ਼ਨ |
| 2 | ਮਾਈਗ੍ਰੇਸ਼ਨ ਸਰਟੀਫਿਕੇਟ, ਨੰਬਰ ਕਾਰਡ (ਡੀ.ਐਮ.ਸੀ.), ਡਾਕੂਮੈਂਟ ਵੇਰੀਫਿਕੇਸ਼ਨ | 15 ਦਿਨ | ਰਜਿਸਟਰਾਰ GNDU, Amritsar. | ਵਾਈਸ ਚਾਂਸਲਰ | ਪ੍ਰਿੰਸੀਪਲ ਸੈਕਟਰੀ ਹਾਇਰ ਐਜੂਕੇਸ਼ਨ |
| 3 | ਪਾਸ ਹੋਏ ਵਿਦਿਆਰਥੀਆਂ ਦੀਆਂ ਡਿਗਰੀਆਂ ਜਾਰੀ ਕਰਨ | ਹਰ ਸਾਲ 31 ਅਕਤੂਬਰ ਤੱਕ | ਰਜਿਸਟਰਾਰ GNDU, Amritsar. | ਵਾਈਸ ਚਾਂਸਲਰ | ਪ੍ਰਿੰਸੀਪਲ ਸੈਕਟਰੀ ਹਾਇਰ ਐਜੂਕੇਸ਼ਨ |

ਨੋਟ : ਉਪਰੋਕਤ ਡਾਕੂਮੈਂਟਜ਼ **GNDU, Amritsar** ਤੋਂ ਪ੍ਰਾਪਤ ਹੋਣ ਉਪਰੰਤ **15** ਦਿਨ ਅੰਦਰ-ਅੰਦਰ ਵਿਦਿਆਰਥੀਆਂ ਨੂੰ ਸੂਚਿਤ ਕਰਕੇ ਵੰਡ ਦਿੱਤੇ ਜਾਣਗੇ ।

# ਵਿਸ਼ਿਆਂ ਵਿੱਚ ਤਬਦੀਲੀ

ਕਿਸੇ ਵੀ ਵਿਦਿਆਰਥੀ ਨੂੰ ਸੈਸ਼ਨ ਸ਼ੁਰੂ ਹੋਣ ਜਾਂ ਕਾਲਜ ਵਿੱਚ ਦਾਖਲੇ ਦੀ ਅੰਤਿਮ ਮਿਤੀ (ਜੋ ਵੀ ਬਾਅਦ ਦੀ ਹੋਵੇ) ਦੇ ਇੱਕ ਮਹੀਨੇ ਦੇ ਅੰਦਰ-ਅੰਦਰ ਸਬੰਧਤ ਵਿਸ਼ੇ ਵਿੱਚ ਸੀਟਾਂ ਦੀ ਉਪਲੱਬਧਤਾ ਦੇ ਆਧਾਰ ਤੇ ਵਿਸ਼ਾ ਬਦਲਣ ਦੀ ਆਗਿਆ ਮਿਲ ਸਕਦੀ ਹੈ। ਅਜਿਹੇ ਬਿਨੈ-ਪੱਤਰ ਉੱਪਰ ਸਬੰਧਤ ਅਧਿਆਪਕਾਂ ਦੀ ਸਿਫਾਰਸ਼ ਜਰੂਰੀ ਹੋਵੇਗੀ। ਕੇਵਲ B.A. I (ਪਹਿਲਾ ਸਮੈਸਟਰ) ਵਿਚ ਹੀ ਆਗਿਆ ਹੋਵੇਗੀ।

# ਕਾਲਜ ਤੋਂ ਛੁੱਟੀ ਪ੍ਰਾਪਤ ਕਰਨਾ

ਛੁੱਟੀ ਲਈ ਬਿਨੈ ਪੱਤਰ ਛਪੇ ਹੋਏ ਫ਼ਾਰਮ ਤੇ ਦਿੱਤਾ ਜਾਵੇ। ਤਿੰਨ ਦਿਨ ਤੱਕ ਦੀ ਮਨਜ਼ੂਰੀ ਟਿਊਟਰ ਤੋਂ ਅਤੇ ਇਸ ਤੋ ਵੱਧ ਦਿਨਾਂ ਲਈ ਅਤੇ ਕਾਲਜ ਦੀਆਂ ਪ੍ਰੀਖਿਆਵਾਂ ਸਮੇਂ ਪ੍ਰਿੰਸੀਪਲ ਤੋਂ ਸਿੱਧੀ ਮਨਜ਼ੂਰੀ ਲੈਣੀ ਜ਼ਰੂਰੀ ਹੈ।

# ਲਾਇਬ੍ਰੇਰੀ

ਲਾਈਬ੍ਰੇਰੀ ਵਿੱਚ ਇਸ ਸਮੇਂ 20495 ਕਿਤਾਬਾਂ ਹਨ । ਇਸ ਸਮੇਂ ਲਾਇਬ੍ਰੇਰੀ ਵਿਚ 5 ਅਖਬਾਰਾਂ, 14 ਮੈਗਜ਼ੀਨ ਅਤੇ ਰਸਾਲੇ ਯੂਨੀਵਰਸਿਟੀ ਤੋਂ ਪ੍ਰਕਾਸ਼ਿਤ ਆਉਂਦੇ ਹਨ । ਸਾਲ 2015-16 ਦੌਰਾਨ ਰੂਸਾ ਇਕਵਟੀ ਗ੍ਰਾਂਟ ਵਿੱਚੋਂ 135000/- ਦੀਆਂ 922 ਕਿਤਾਬਾਂ ਖਰੀਦੀਆਂ ਗਈਆਂ ਹਨ । ਜੋ ਕਿ ਗਰੀਬ ਵਿਦਿਆਰਥੀਆਂ ਨੂੰ ਸਮੈਸਟਰ ਲਈ ਇਸ਼ੂ ਕੀਤੀਆਂ ਜਾਂਦੀਆ ਹਨ, ਤਾਂ ਕਿ ਉਹ ਆਪਣਾ ਭਵਿੱਖ ਉਜਵਲ ਬਣਾ ਸਕਣ। ਲਾਈਬ੍ਰੇਰੀ ਵਿੱਚ ਇਕ ਬੁੱਕ ਬੈਂਕ ਸਥਾਪਿਤ ਕੀਤਾ ਗਿਆ ਹੈ । ਜੋ ਵਿਦਿਆਰਥੀ ਲਾਇਬ੍ਰੇਰੀ ਵਿੱਚ ਪੁਰਾਣੀਆਂ ਕਿਤਾਬਾਂ ਤੇ ਨੋਟਸ ਦਾਨ ਵਜੋਂ ਦੇਣਾ ਚਾਹੁੰਦੇ ਹੋਣ ਉਹ ਲਾਇਬ੍ਰੇਰੀ ਵਿੱਚ ਦੇ ਸਕਦੇ ਹਨ ਜਿਹੜੇ ਵਿਦਿਆਰਥੀ ਕਿਤਾਬਾਂ ਨਾ ਖਰੀਦ ਸਕਣ ਕਾਰਨ ਪੜ੍ਹਾਈ ਛੱਡਣ ਵਾਸਤੇ ਮਜਬੂਰ ਹੋ ਜਾਂਦੇ ਹਨ ਉਹਨਾਂ ਗਰੀਬ ਤੇ ਲੋੜਵੰਦ ਵਿਦਿਆਰਥੀਆਂ ਦੀ ਮਦਦ ਕੀਤੀ ਜਾ ਸਕੇ ।

# ਸ਼ਨਾਖ਼ਤੀ ਕਾਰਡ

ਕਾਲਜ ਵਿੱਚ ਦਾਖਲ ਹੋਣ ਉਪਰੰਤ ਹਰ ਇੱਕ ਵਿਦਿਆਰਥੀ ਨੂੰ ਸ਼ਨਾਖਤੀ ਕਾਰਡ ਲਾਇਬ੍ਰੇਰੀ ਤੋਂ ਜਾਰੀ ਕੀਤਾ ਜਾਵੇਗਾ, ਜਿਹੜਾ ਕਾਲਜ ਸਮੇਂ ਉਸ ਦੇ ਕੋਲ ਰਹਿਣਾ ਜ਼ਰੂਰੀ ਹੋਵੇਗਾ। ਲਾਇਬ੍ਰੇਰੀ ਵਿੱਚੋਂ ਕਿਤਾਬਾਂ ਕੇਵਲ ਸ਼ਨਾਖ਼ਤੀ ਕਾਰਡ ਉਤੇ ਹੀ ਇਸ਼ੂ ਕੀਤੀਆਂ ਜਾਂਦੀਆਂ ਹਨ। ਸ਼ਨਾਖ਼ਤੀ ਕਾਰਡ ਗੁੰਮ ਹੋਣ ਦੀ ਸੂਰਤ ਵਿੱਚ ਪੁਲਿਸ ਥਾਣੇ ਵਿੱਚ ਦਰਜ ਐਫ ਆਈ ਆਰ ਦੀ ਨਕਲ ਜਮ੍ਹਾਂ ਕਰਵਾਉਣ ਉਪਰੰਤ ਹੀ ਡੁਪਲੀਕੇਟ ਸ਼ਨਾਖਤੀ ਕਾਰਡ ਜਾਰੀ ਕੀਤਾ ਜਾ ਸਕੇਗਾ, ਪ੍ਰਿੰਸੀਪਲ ਜਾਂ ਪ੍ਰੋਕਟੋਰੀਅਲ ਸਟਾਫ ਵੱਲੋ ਸ਼ਨਾਖਤੀ ਕਾਰਡ ਕਿਸੇ ਵੇਲੇ ਵੀ ਚੈੱਕ ਕੀਤਾ ਜਾ ਸਕਦਾ ਹੈ।

### ਉਚੇਰੀ ਸਿੱਖਿਆ ਵਿਭਾਗ (ਸੀ ਐਮ ਸੀ)

ਪੰਜਾਬ ਸਰਕਾਰ ਦੇ ਆਦੇਸ਼ ਮੁਤਾਬਕ 28 ਮੈਂਬਰੀ ਕਾਲਜ ਪੱਧਰ ਕਮੇਟੀ ਦਾ ਗਠਨ ਕੀਤਾ ਗਿਆ ਹੈ ਜਿਸਦੀ ਮਹੀਨਾਵਾਰ ਮੀਟਿੰਗ ਹੁੰਦੀ ਹੈ । ਕਾਲਜ ਦੇ ਵਿਕਾਸ ਕੰਮਾਂ ਉਤੇ ਵਿਚਾਰ ਅਤੇ ਮਨਜ਼ੂਰੀ ਕੀਤੀ ਜਾਂਦੀ ਹੈ । ਕਾਲਜ ਵਿੱਚ ਕਾਲਜ ਕੌਂਸਲ ਹੈ ਜਿਸ ਦੇ ਮੁਖੀ ਪ੍ਰਿੰਸੀਪਲ ਹਨ । ਇਸ ਵਿੱਚ **5** ਸੀਨੀਅਰ ਮੈਂਬਰ ਹੁੰਦੇ ਹਨ, ਜਿਨ੍ਹਾਂ ਦੁਆਰਾ ਕਾਲਜ ਦੀ ਬਿਹਤਰੀ ਅਤੇ ਅਨੁਸ਼ਾਸਨ ਆਦਿ ਦਾ ਕੰਮ-ਕਾਜ ਕੀਤਾ ਜਾਂਦਾ ਹੈ। ਕੌਂਸਲ ਕੀਤੇ ਗਏ ਫੈਸਲੇ ਅੰਤਮ ਅਤੇ ਪੱਕੇ ਹੁੰਦੇ ਹਨ।

### ਖੇਡਾਂ

ਕਾਲਜ ਪਾਸ ਇੱਕ ਬਹੁਤ ਵੱਡਾ ਖੇਡ ਦਾ ਮੈਦਾਨ ਹੈ, ਜਿਸ ਵਿੱਚ ਸਲਾਨਾ ਖੇਡ ਸਮਾਰੋਹ ਕਰਵਾਇਆ ਜਾਂਦਾ ਹੈ ਅਤੇ ਜੇਤ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਜਾਂਦੇ ਹਨ। ਇਸ ਤੋਂ ਇਲਾਵਾ ਇਸ ਖੇਡ ਮੈਦਾਨ ਵਿੱਚ ਅਥਲੈਟਿਕਸ/ਬੈਡਮਿੰਟਨ, ਕ੍ਰਿਕਟ ਆਦਿ ਮੁਕਾਬਲੇ ਕਰਵਾਏ ਜਾਂਦੇ ਹਨ।

## ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚ ਬੈਠਣ ਲਈ ਯੋਗਤਾ ਦੀਆਂ ਸ਼ਰਤਾਂ

1. ਯੂਨੀਵਰਸਿਟੀ ਇਮਤਿਹਾਨ ਵਿੱਚ ਬੈਠਣ ਦੀ ਯੋਗਤਾ ਪਰਖਣ ਲਈ ਇੱਕ ਘਰੇਲੂ ਪ੍ਰੀਖਿਆ ਹੋਵੇਗੀ ਜਿਸ ਵਿੱਚ ਹਰ ਵਿਸ਼ੇ ਵਿਚੋ 35% ਅੰਕ ਜਾਂ ਸਾਰੇ ਵਿਸ਼ਿਆਂ ਨੂੰ ਮਿਲਾ ਕੇ ਘੱਟ ਤੋਂ ਘੱਟ 25% ਅੰਕ ਪ੍ਰਾਪਤ ਕਰਨੇ ਜ਼ਰੂਰੀ ਹਨ।
2. ਹਰ ਵਿਦਿਆਰਥੀ ਲਈ ਹਰੇਕ ਵਿਸ਼ੇ ਵਿੱਚ ਅਲੱਗ - ਅਲੱਗ ਕੁੱਲ ਲੈਕਚਰਾਂ ਦੇ 75% ਲੈਕਚਰ ਲਗਾਉਣੇ ਜ਼ਰੂਰੀ ਹਨ।

**ਉਪਰੋਕਤ ਦੋਵੇਂ ਸ਼ਰਤਾਂ ਵੱਖ-ਵੱਖ ਪੂਰੀਆਂ ਹੋਣੀਆਂ ਜ਼ਰੂਰੀ ਹਨ।**

**ਜ਼ਰੂਰੀ ਨੋਟ :-** ਵਿਦਿਆਰਥੀ ਦੇ ਮਾਪਿਆਂ / ਸਰਪ੍ਰਸਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਬੱਚੇ/ਬੱਚੀ ਦੀ ਪ੍ਰਗਤੀ/ਲੈਕਚਰ ਸ਼ਾਰਟੇਜ਼ ਦੀ ਜਾਣਕਾਰੀ ਸੰਬੰਧੀ ਟਿਊਟਰ/ਰਜਿਸਟਰਾਰ ਘਰੇਲੂ ਪ੍ਰੀਖਿਆਵਾਂ ਨੂੰ ਸਾਲ ਵਿੱਚ ਘੱਟ ਤੋਂ ਘੱਟ ਘਰੇਲੂ ਪ੍ਰੀਖਿਆਵਾਂ ਬਾਅਦ ਜ਼ਰੂਰ ਮਿਲਣ ਦੀ ਖੇਚਲ ਕਰਨ। ਯੂਨੀਵਰਸਿਟੀ ਦੀਆਂ ਸ਼ਰਤਾਂ ਨੂੰ ਪੂਰੀਆਂ ਨਾ ਕਰਨ ਦੀ ਸੂਰਤ ਵਿੱਚ ਵਿਦਿਆਰਥੀ ਦੇ ਸਮੈਸਟਰ ਯੂਨੀਵਰਸਿਟੀ ਪ੍ਰੀਖਿਆ ਵਿੱਚ ਨਾ ਬੈਠਣ ਦਿੱਤੇ ਜਾਣ ਕਾਰਨ ਵਿਦਿਆਰਥੀ ਅਤੇ ਉਸ ਦੇ ਮਾਪੇ /ਸਰਪ੍ਰਸਤ ਦੀ ਆਪਣੀ ਜ਼ਿੰਮੇਵਾਰੀ ਹੋਵੇਗੀ। ਘਰੇਲੂ ਪ੍ਰੀਖਿਆਵਾਂ ਦੌਰਾਨ ਬੀਮਾਰੀ ਦੀ ਛੁੱਟੀ ਦੀ ਅਰਜ਼ੀ ਕੇਵਲ ਤਾਂ ਹੀ ਮਨਜ਼ੂਰ ਹੋ ਸਕਦੀ ਹੈ ਜੇਕਰ ਉਸ ਨਾਲ ਪ੍ਰਵਾਨਿਤ ਡਾਕਟਰ ਵੱਲੋ ਜਾਰੀ ਕੀਤਾ ਗਿਆ ਮੈਡੀਕਲ ਸਰਟੀਫਿਕੇਟ ਲੱਗਾ ਹੋਵੇ। ਅਜਿਹੀ ਅਰਜ਼ੀ ਬੀਮਾਰੀ ਦੇ ਸਮੇਂ ਦੌਰਾਨ ਹੀ ਭੇਜਣੀ ਜ਼ਰੂਰੀ ਹੋਵੇਗੀ। ਪ੍ਰੀਖਿਆ ਲੰਘਣ ਤੋਂ ਬਾਅਦ ਕੋਈ ਮੈਡੀਕਲ ਸਰਟੀਫਿਕੇਟ ਸਵੀਕਾਰ ਨਹੀਂ ਕੀਤਾ ਜਾਵੇਗਾ। ਇਸ ਛੁੱਟੀ ਨਾਲ ਕੇਵਲ ਜੁਰਮਾਨੇ ਤੋ ਹੀ ਛੋਟ ਮਿਲ ਸਕਦੀ ਹੈ ਅਤੇ ਇਸ ਨਾਲ ਯੂਨੀਵਰਸਿਟੀ ਦੀਆਂ ਸ਼ਰਤਾਂ ਤੇ ਕੋਈ ਫ਼ਰਕ ਨਹੀ ਪੈਂਦਾ।

# ਕਾਲਜ ਕੰਨਟੀਨ

ਕਾਲਜ ਵਿੱਚ ਇੱਕ ਸ਼ਾਨਦਾਰ ਕੰਨਟੀਨ ਹੈ, ਜਿਥੇ ਵਿਦਿਆਰਥੀਆਂ ਤੇ ਅਧਿਆਪਕਾਂ ਦੇ ਖਾਣ-ਪੀਣ ਦਾ ਪ੍ਰਬੰਧ ਹੈ।

# ਐਨ ਐਸ ਐਸ

ਕਾਲਜ ਵਿੱਚ ਐਨ ਐਸ ਐਸ ਦਾ ਇੱਕ ਯੂਨਿਟ ਹੈ। ਹਰ ਸਾਲ ਕਾਲਜ ਵਿੱਚ ਐਨ ਐਸ ਐਸ ਦੇ ਕੈਂਪ ਲਗਾਏ ਜਾਂਦੇ ਹਨ। ਇਸ ਤੋਂ ਇਲਾਵਾ ਯੂਨੀਵਰਸਿਟੀ ਵਲੋਂ ਹਦਾਇਤਾਂ ਆਉਣ ਤੇ ਸੰਬੰਧਤ ਪ੍ਰੋਗਰਾਮਾਂ ਵਿੱਚ ਐਨ ਐਸ ਐਸ ਵਿਦਿਆਰਥੀਆਂ ਵੱਲੋ ਭਾਗ ਲਿਆ ਜਾਂਦਾ ਹੈ।

# ਰੂਸਾ

RUSA (Rashtriya Uchh Shiksha Abhiyan) ਦੇ ਅਧੀਨ ਮਿਲੀਆਂ ਗ੍ਰਾਂਟਾ ਨਾਲ ਕਾਲਜ ਵਿਖੇ Infrastructure ਵਿੱਚ ਵਾਧਾ ਹੋਇਆ ਹੈ । ਇਸ ਸਕੀਮ ਅਧੀਨ Finishing School ਵੀ ਸਥਾਪਿਤ ਕੀਤਾ ਗਿਆ ਹੈ ਜਿਸ ਵਿੱਚ ਵਿਦਿਆਰਥੀਆਂ ਨੂੰ ਨੌਕਰੀ ਮੁਹਈਆਂ ਕਰਵਾਉਣ ਲਈ ਉਪਰਾਲੇ ਕੀਤੇ ਜਾਂਦੇ ਹਨ । ਇਸ ਸਕੀਮ ਅਧੀਨ ਹੀ ਕਾਲਜ ਵਿੱਚ ਲੈਬਜ਼ ਦਾ ਨਵੀਨੀਕਰਨ ਹੋ ਗਿਆ ਹੈ ਤੇ ਸਮਾਰਟ ਕਲਾਸ ਰੂਮਜ਼ ਵੀ ਸਥਾਪਿਤ ਕੀਤੇ ਗਏ ਹਨ । ਗਰੀਬ ਵਿਦਿਆਰਥੀਆਂ ਨੂੰ RUSA Equity Grant ਵਿਚੋਂ ਕਿਤਾਬਾਂ ਵੀ ਪੂਰੇ ਸੈਸ਼ਨ ਲਈ Issue ਕੀਤੀਆਂ ਜਾਂਦੀਆ ਹਨ । ਇਕ ਵਰਚੁਅਲ ਕਲਾਸ ਰੂਮ ਸਥਾਪਿਤ ਕੀਤਾ ਗਿਆ ਹੈ ਕਾਲਜ ਦਾ ਪੂਰਾ ਕੈਂਪਸ ਵਾਈ-ਫਾਈ ਹੈ । ਇਸ ਗ੍ਰਾਂਟ ਅਧੀਨ ਫਿਜਿਕਸ ਲੈਬ., ਕਾਲਜ ਬਾਸਕਟਬਾਲ ਨਿਰਮਾਣ ਅਧੀਨ ਹੈ ।

## ਬਡੀਜ਼ ਗਰੁੱਪ

ਸਰਕਾਰ ਵੱਲੋਂ ਨਸ਼ਿਆਂ ਖਿਲਾਫ ਮੁਹਿੰਮ ਦੇ ਅੰਤਰਗਤ ਕਾਲਜ ਵਿੱਚ ਬੱਡੀਜ਼ ਗਰੁੱਪ ਬਣਾਏ ਗਏ ਹਨ । ਇਹਨਾਂ ਬੱਡੀਜ਼ ਗਰੁੱਪ ਰਾਹੀਂ ਕਾਲਜ ਦੇ ਪ੍ਰੋਫੈਸਰਾਂ ਅਤੇ ਵਿਦਿਆਰਥੀਆਂ ਨੂੰ ਬਾਹਰੋਂ ਆਏ ਮਾਹਿਰਾਂ ਦੁਆਰਾ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਬਾਰੇ ਸੁਚੇਤ ਕੀਤਾ ਜਾਂਦਾ ਹੈ । ਵਿਦਿਆਰਥੀਆਂ ਨੂੰ ਖੇਡਾਂ ਰਾਹੀ ਸਿਹਤਮੰਦ ਹੋਣ ਲਈ ਸੁਚੇਤ ਕੀਤਾ ਜਾਂਦਾ ਹੈ ।

## ਕਾਲਜ ਦੀਆਂ ਯੂਥ ਗਤੀਵਿਧੀਆਂ ਸਰਗਰਮੀਆਂ

ਕਾਲਜ ਵਿੱਚ ਵੱਖਰੇ - ਵੱਖਰੇ ਵਿਸ਼ਿਆਂ ਨਾਲ ਸਬੰਧਤ ਅੰਤਰ-ਕਲਾਸ/ਕਾਲਜ ਪ੍ਰਤੀਯੋਗਤਾਵਾਂ ਕਰਵਾਈਆਂ ਜਾਂਦੀਆਂ ਹਨ ਅਤੇ ਵਿਦਿਆਰਥੀਆਂ ਨੂੰ ਅੰਤਰ-ਕਾਲਜ ਪ੍ਰਤੀਯੋਗਤਾਵਾਂ ਵਿੱਚ ਭਾਗ ਲੈਣ ਲਈ ਭੇਜਿਆ ਜਾਂਦਾ ਹੈ।

## ਪੀ ਟੀ ਏ

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਾਲਜ ਵਿੱਚ ਮਾਪੇ-ਅਧਿਆਪਕ ਸਭਾ (ਪੀ ਟੀ ਏ) ਕਾਇਮ ਹੈ, ਜਿਸ ਵਿੱਚ ਵਿਦਿਆਰਥੀ ਦਾਖਲੇ ਸਮੇਂ ਸਲਾਨਾ ਫ਼ੰਡ (ਸਰਕਾਰੀ ਹਦਾਇਤਾਂ ਅਨੁਸਾਰ) ਦਿੰਦਾ ਹੈ। ਇਸ ਸਭਾ ਦੀ ਕਾਰਜਕਾਰੀ ਦੀ ਚੋਣ ਵਿਦਿਅਕ ਸੈਸ਼ਨ ਲਈ ਸਰਕਾਰੀ ਨਿਯਮਾਂ ਅਨੁਸਾਰ ਕੀਤੀ ਜਾਂਦੀ ਹੈ।

## ਓਲਡ ਸਟੂਡੈਂਟ ਐਸੋਸੀਏਸ਼ਨ

ਕਾਲਜ ਵਿੱਚ ਓਲਡ ਸਟੂਡੈਂਟ ਐਸੋਸੀਏਸ਼ਨ ਸਾਲ 2008 ਵਿੱਚ ਸਥਾਪਿਤ ਕੀਤੀ ਗਈ ਹੈ। ਜਿਸਦੇ ਹੇਠ ਲਿਖੇ ਅਹੁਦੇਦਾਰ ਹਨ :-

1. ਡਾ. ਕੁਲਵੰਤ ਸਿੰਘ, ਪ੍ਰਧਾਨ
2. ਮਿਸ ਸੁਰਿੰਦਰ ਕੌਰ
3. ਸ੍ਰੀ ਹਰਪ੍ਰੀਤ ਸਿੰਘ, ਖਜ਼ਾਨਚੀ

ਕਾਲਜ ਦੀ ਓਲਡ ਐਸੋਸੀਏਸ਼ਨ ਵਲੋਂ ਮਈ 2019 ਦੀਆਂ ਯੂਨੀਵਰਸਿਟੀ ਪ੍ਰੀਖਿਆਵਾਂ ਵਿਚੋ ਕਾਲਜ ਵਿਚੋ ਅਵੱਲ ਰਹਿਣ ਤੇ ਵਿਦਿਆਰਥੀਆਂ ਨੂੰ ਵਿਸ਼ੇਸ਼ ਸਨਮਾਨ ਦਿੱਤਾ ਜਾਵੇਗਾ।

## ਰੈੱਡ ਕਰਾਸ

ਕਾਲਜ ਵਿੱਚ ਇੱਕ ਰੈੱਡ ਕਰਾਸ ਯੂਨਿਟ ਹੈ ਜਿਸ ਵਿੱਚ ਵਿਦਿਆਰਥੀ ਦੇ ਬਲੱਡ ਗਰੁੱਪ ਦਾ ਪੂਰਾ ਰਿਕਾਰਡ ਰੱਖਿਆ ਜਾਂਦਾ ਹੈ ਅਤੇ ਸਮਾਜਿਕ ਸੱਮਸਿਆਵਾਂ ਬਾਰੇ ਸਮੇਂ-ਸਮੇਂ ਤੇ ਸੈਮੀਨਾਰ ਕਰਵਾ ਕੇ ਬੱਚਿਆਂ ਨੂੰ ਜਾਗਰੂਕ ਕੀਤਾ ਜਾਂਦਾ ਹੈ।

## ਰੈੱਡ ਰਿਬਨ ਕਲੱਬ

ਕਾਲਜ ਵਿੱਚ ਰੈੱਡ ਰਿਬਨ ਕਲੱਬ ਸਥਾਪਿਤ ਹੈ। ਆਰ ਆਰ ਸੀ ਵਲੋਂ ਲਗਾਏ ਗਏ ਸੈਮੀਨਾਰ, ਵਰਕਸ਼ਾਪ ਵਿਚ ਵਿਦਿਆਰਥੀਆਂ ਵਲੋ ਸਮੇਂ-ਸਮੇਂ ਤੇ ਭਾਗ ਲਿਆ ਜਾਂਦਾ ਹੈ। ਰੈੱਡ ਰਿਬਨ ਕਲੱਬ ਵਲੋ ਵਿਦਿਆਰਥੀਆਂ ਨੂੰ ਸਮੇਂ-ਸਮੇਂ ਤੇ ਆ ਕੇ 'ਏਡਜ਼' ਅਤੇ 'ਬਲੱਡ ਡੋਨੇਸ਼ਨ' ਦੇ ਉੱਪਰ ਜਾਣਕਾਰੀ ਦਿੱਤੀ ਜਾਂਦੀ ਹੈ। ਯੁਵਕ ਸੇਵਾਵਾਂ ਵੱਲੋਂ ਕਰਵਾਏ ਜਾਂਦੇ ਪ੍ਰੋਗਰਾਮਾਂ ਵਿੱਚ ਵਿਦਿਆਰਥੀਆਂ ਵੱਲੋਂ ਭਾਗ ਲਿਆ ਜਾਂਦਾ ਹੈ ਅਤੇ ਕਾਲਜ ਲਈ ਇਨਾਮ ਪ੍ਰਾਪਤ ਕੀਤੇ ਜਾਂਦੇ ਹਨ ।



## ਫ਼ੀਸਾਂ ਦੀ ਅਦਾਇਗੀ

ੳ) ਇਸ ਕਾਲਜ ਦੀਆਂ ਫ਼ੀਸਾਂ ਪੰਜਾਬ ਸਰਕਾਰ/ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਆਦੇਸ਼ਾਂ ਅਨੁਸਾਰ ਲਈਆਂ ਜਾਂਦੀਆਂ ਹਨ। ਸਾਰੇ ਸਾਲ ਦੀਆਂ ਫੀਸਾਂ ਅਤੇ ਚੰਦਾ ਦੋ ਕਿਸ਼ਤਾਂ ਵਿੱਚ ਲਏ ਜਾਂਦੇ ਹਨ। ਪਹਿਲੀ ਕਿਸ਼ਤ ਦਾਖਲੇ ਸਮੇਂ ਅਤੇ ਦੂਸਰੀ ਕਿਸ਼ਤ ਅਕਤੂਬਰ ਦੇ ਮਹੀਨੇ ਵਿੱਚ ਲਈ ਜਾਂਦੀ ਹੈ।

ਅ) ਸਾਰੀਆਂ ਕਲਾਸਾਂ ਦੀਆਂ ਫ਼ੀਸਾਂ ਮਿਥੇ ਸਮੇਂ ਅਤੇ ਨੀਅਤ ਹੋਈ ਮਿਤੀ ਅਨੁਸਾਰ ਜਮ੍ਹਾਂ ਕਰਵਾਉਣੀਆਂ ਜ਼ਰੂਰੀ ਹਨ।

ੲ) ਠੀਕ ਸਮੇਂ ਫੀਸ ਨਾ ਦੇਣ ਤੇ ਨਿਰਧਾਰਿਤ ਜੁਰਮਾਨਾ ਲਿਆ ਜਾਵੇਗਾ। ਨਿਰਧਾਰਿਤ ਮਿਤੀ ਤੋਂ ਦਸ ਦਿਨ ਤੱਕ ਫ਼ੀਸ ਨਾ ਦੇਣ ਦੀ ਸੂਰਤ ਵਿਚ ਨਾਮ ਕੱਟਿਆ ਜਾਵੇਗਾ।

ਸ) ਦਾਖਲੇ ਸਮੇਂ ਦਿੱਤੀਆਂ ਗਈਆਂ ਫ਼ੀਸਾਂ ਕਿਸੇ ਵੀ ਸੂਰਤ ਵਿੱਚ ਰੀ-ਫੰਡ ਨਹੀਂ ਹੋਣਗੀਆਂ।

ਹ) **ਫ਼ੀਸ ਦਾ ਵੇਰਵਾ ਇਸ ਤਰ੍ਹਾਂ ਹੈ :**

* ਦਾਖਲਾ ਫੀਸ 10/- (ਕੇਵਲ ਨਵੇਂ ਵਿਦਿਆਰਥੀ)
* ਟਿਊਸ਼ਨ ਫੀਸ 144/- (ਕੇਵਲ ਲੜਕੇ)

### ਕਾਲਜ ਫੰਡ (ਪ੍ਰਤੀ ਸਾਲ)

| | | |
|---|---|---|
| * | ਅਮਲਗਾਮੈਂਟਿਡ ਫੰਡ | 96/- |
| * | ਹੈਲਥ ਫੰਡ | 10/- |
| * | ਰੈਡ ਕਰਾਸ ਫੰਡ | 24/- |
| * | ਡਿਲੈਪੀਡੇਸ਼ਨ ਫੰਡ | 6/- |
| * | ਹਾਊਸ ਐਗਜ਼ਾਮ ਫੰਡ | 12/- |
| * | ਆਈ ਕਾਰਡ ਫੰਡ | 03/- |
| * | ਉਚੇਰੀ ਸਿੱਖਿਆ ਫੰਡ | 20/- |
| * | ਸਟੂਡੈਂਟ ਸਪੋਰਟਸ ਫੰਡ | 36/- |
| * | ਪੰਜਾਬ ਸਟੈਟ ਫਿਜੀ ਐਜੂ. ਡਿਵ. ਫੰਡ | 75/- |
| * | ਬਿਲਡਿੰਗ ਫੰਡ | 15/- |
| * | ਕਾਲਜ ਮੈਗਜ਼ੀਨ ਫੰਡ | 10/- |
| * | ਸਟੂਡੈਂਟ ਏਡ ਫੰਡ | 5/- |
| * | ਕਾਲਜ ਯੂਥ ਵੈਲਫੇਅਰ ਐਕਟੀਵਿਟੀ ਫੰਡ | 2/- |
| * | ਸਪੋਟਸ ਮੇਨਟੀਨੈਂਸ ਫੰਡ | 12/- |
| * | ਲਾਇਬ੍ਰੇਰੀ ਸਿਕਿਉਰਟੀ | 20/- |
| * | ਫਿਜੀ ਐਜ. ਫੰਡ | 144/- |
| * | ਜੋਗਰਫੀ ਫੰਡ | 168/- |
| * | ਕੰਪਿਊਟਰ ਸਾਇੰਸ ਫੰਡ | 1440/- |
| * | ਨਾਨ ਮੈਡੀਕਲ ਫੰਡ | 144/- |
| * | ਮੈਡੀਕਲ ਫੰਡ | 192/- |
| * | ਜਨਰੇਟਰ ਫੰਡ | 200/- |
| * | HEIS | 7000/- |
| * | B..Sc. (Eco.) ਦਾ HEIS ਫੰਡ | 5000/- |
| * | M..Sc. (C.Sc..) ਦਾ HEIS ਫੰਡ | 12000/- |

### ਯੂਨੀਵਰਸਿਟੀ ਫੀਸਾਂ (ਪ੍ਰਤੀ ਸਾਲ)

| | | |
|---|---|---|
| * | ਰਜਿਸਟਰੇਸ਼ਨ ਫੀਸ | 400/- |
| * | ਇਨਰੋਲਮੈਂਟ ਫੀਸ | 300/- |
| * | ਕਾਂਟੀਨਿਊਸ਼ਨ ਫੀਸ | 400/- |
| * | ਹੋਲੀਡੇ ਹੋਮ ਫੀਸ | 100/- |
| * | ਵਰਲਡ ਯੂਨੀ ਸਰਵਿਸ ਫੀਸ | 50/- |
| * | ਕਾਲਜ ਵਿਕਾਸ ਕੌਂਸਲ ਫੰਡ | 100/- |
| * | ਯੂਥ ਵੈਲਫੇਅਰ ਫੀਸ | 200/- |
| * | ਯੂਨੀਵਰਸਿਟੀ ਸਪੋਰਟਸ ਡਿਵ ਫੀਸ | 1265/- |
| * | ਐਲੂਮਨੀ ਫੀਸ | 100/- |
| * | ਯੂਨੀਵਰਸਿਟੀ ਮਾਈਗ੍ਰੇਸ਼ਨ ਫੀਸ | 350/- |
| * | ਯੂਨੀਵਰਸਿਟੀ ਵੈਰੀਫਿਕੇਸ਼ਨ ਫੀਸ | 1000/- |
| * | ਇਲੀਜੀਬਿਲਟੀ ਫੀਸ | 250/- |
| * | ਇਲੀਜੀਬਿਲਟੀ ਫਾਰਮ ਫੀਸ | 200/- |
| * | ਯੂਨੀਵਰਸਿਟੀ ਪ੍ਰੀਖਿਆ ਫੀਸ | |
| | ਪ੍ਰੈਕਟੀਕਲ ਵਿਸ਼ੇ ਸਮੇਤ | 2000/- |
| | ਬਿਨਾਂ ਪ੍ਰੈਕਟੀਕਲ ਤੋਂ | 1900/- |
| * | ਐਨ. ਐਸ. ਐਸ. ਫੀਸ | 20/- |
| * | ਪੀ ਟੀ ਏ | 6000/- |

# ਫ਼ੀਸ ਮੁਆਫੀ

ਪੰਜਾਬ ਸਰਕਾਰ ਦੇ ਆਦੇਸ਼ਾਂ ਅਨੁਸਾਰ ਐਸ ਸੀ (ਅਨੁਸੂਚਿਤ ਜਾਤੀ) ਵਿਦਿਆਰਥੀਆਂ ਕੋਲੋਂ ਫ਼ੀਸ ਨਹੀ ਲਈ ਜਾਵੇਗੀ। ਫ਼ੀਸ ਦੀ ਮੁਆਫੀ ਲਈ ਆਮਦਨ ਸਰਟੀਫਿਕੇਟ ਜ਼ਰੂਰੀ ਹੋਵੇਗਾ ਅਤੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ਸ਼ਰੇਣੀਆਂ ਦੇ ਉਹਨਾਂ ਬੱਚਿਆਂ ਨੂੰ ਹੀ ਫ਼ੀਸ ਮੁਆਫ਼ੀ ਲਈ ਵਿਚਾਰਿਆ ਜਾਵੇਗਾ, ਜਿਨ੍ਹਾਂ ਦੀ ਆਮਦਨ ਪੰਜਾਬ ਸਰਕਾਰ ਦੀ ਵਰਤਮਾਨ ਨੀਤੀ ਅਨੁਸਾਰ ਦਰਸਾਈ ਗਈ ਹੱਦ ਤੋਂ ਘੱਟ ਹੈ।

ਅ) ਅੱਧੀ ਫ਼ੀਸ ਰਿਆਇਤ :

1. ਗਰੀਬੀ ਦੇ ਆਧਾਰ ਤੇ ਕਾਲਜ ਦੀ ਸਾਰੀ ਵਿਦਿਆਰਥੀ ਸੰਖਿਆ ਦੇ 10% ਵਿਦਿਆਰਥੀਆਂ ਨੂੰ ਅੱਧੀ ਫ਼ੀਸ ਮੁਆਫ਼ੀ ਦੀ ਰਿਆਇਤ ਦਿੱਤੀ ਜਾਂਦੀ ਹੈ। ਇਸ ਮੰਤਵ ਲਈ ਕਾਲਜ ਦੇ ਸਮੁੱਚੇ ਦਾਖ਼ਲੇ ਖਤਮ ਹੋਣ ਪਿਛੋ ਕਾਲਜ ਦੀ ਇੱਕ ਕਮੇਟੀ ਬਿਨੈਕਾਰ ਵਿਦਿਆਰਥੀਆਂ ਦੀ ਇੰਟਰਵਿਊ ਲੈਣ ਉਪਰੰਤ ਪ੍ਰਿੰਸੀਪਲ ਨੂੰ ਸਿਫਾਰਿਸ਼ ਕਰਦੀ ਹੈ।
2. ਜੇਕਰ ਕਿਸੇ ਵਿਦਿਆਰਥੀ ਦਾ ਵੱਡਾ ਭਰਾ/ਭੈਣ ਇਸ ਕਾਲਜ ਵਿੱਚ ਪੜ੍ਹਦਾ/ਪੜ੍ਹਦੀ ਹੋਵੇ ਤਾਂ ਉਸਦਾ P.T.A ਫੰਡ ਮੁਆਫ ਕੀਤਾ ਜਾਵੇਗਾ।

# ਜ਼ੁਰਮਾਨੇ

ੳ) ਇੱਕ ਪੀਰੀਅਡ ਗੈਰ - ਹਾਜ਼ਰ ਰਹਿਣ ਵਾਲੇ ਵਿਦਿਆਰਥੀ ਨੂੰ 25 ਪੈਸੇ ਅਤੇ ਪੂਰਾ ਦਿਨ ਗੈਰ ਹਾਜ਼ਰ ਰਹਿਣ ਵਾਲੇ ਵਿਦਿਆਰਥੀ ਨੂੰ 50 ਪੈਸੇ ਦੀ ਦਰ ਨਾਲ ਜ਼ੁਰਮਾਨਾ ਕੀਤਾ ਜਾਵੇਗਾ। ਲਗਾਤਾਰ 10 ਦਿਨ ਗੈਰ ਹਾਜ਼ਰ ਰਹਿਣ ਵਾਲੇ ਵਿਦਿਆਰਥੀ ਦਾ ਨਾਮ ਕੱਟ ਦਿੱਤਾ ਜਾਵੇਗਾ।

ਅ) ਟਿਊਟੋਰੀਅਲ ਪੀਰੀਅਡ ਵਿੱਚੋ ਗੈਰ ਹਾਜ਼ਰ ਰਹਿਣ ਵਾਲੇ ਵਿਦਿਆਰਥੀ ਨੂੰ ਇੱਕ ਰੁਪਿਆ ਪ੍ਰਤੀ ਟਿਊਟੋਰੀਅਲ ਪੀਰੀਅਡ ਜ਼ੁਰਮਾਨਾ ਹੋਵੇਗਾ।

# ਵਜ਼ੀਫੇ

ਯੂਨੀਵਰਸਿਟੀ ਮੈਰਿਟ ਵਜੀਫਿਆਂ ਤੋਂ ਛੁੱਟ ਭਾਰਤ ਅਤੇ ਪੰਜਾਬ ਸਰਕਾਰ ਵੱਲੋਂ ਵੱਖ-ਵੱਖ- ਸ਼੍ਰੇਣੀਆਂ ਦੇ ਬੱਚਿਆਂ ਨੂੰ ਕਈ ਪ੍ਰਕਾਰ ਦੇ ਵਜੀਫੇ ਨਿਯਮਾਂ ਅਨੁਸਾਰ ਉਪਲੱਬਧ ਕਰਵਾਏ ਜਾਂਦੇ ਹਨ । ਘੱਟ ਗਿਣਤੀ ਵਾਲੇ ਵਿਦਿਆਰਥੀਆਂ ਨੂੰ ਵਜੀਫੇ ਵੀ ਸਰਕਾਰ ਦੀਆਂ ਹਿਦਾਇਤਾਂ ਅਨੁਸਾਰ ਦਿੱਤੇ ਜਾਂਦੇ ਹਨ।

# ਕਾਲਜ ਦਾ ਛੱਡਣਾ

1. ਜੇਕਰ ਕੋਈ ਵਿਦਿਆਰਥੀ ਕਾਲਜ ਛੱਡਣਾ ਚਾਹੁੰਦਾ ਹੋਵੇ ਤਾਂ ਉਹ ਪ੍ਰਿੰਸੀਪਲ ਨੂੰ ਲਿਖਤੀ ਰੂਪ ਵਿੱਚ ਬੇਨਤੀ ਕਰੇ । ਅਰਜੀ ਉੱਪਰ ਪਿਤਾ/ਸਰਪ੍ਰਸਤ ਦੇ ਦਸਤਖਤ ਜਰੂਰੀ ਹਨ ।
2. ਕਾਲਜ ਛੱਡਣ ਤੋਂ ਪਹਿਲਾਂ ਪੂਰੀਆਂ ਫੀਸਾਂ, ਚੰਦੇ ਅਤੇ ਜੁਰਮਾਨੇ ਦੀ ਅਦਾਇਗੀ ਜਰੂਰੀ ਹੋਵੇਗੀ । ਵਿਦਿਆਰਥੀ ਲਈ ਅਜਿਹਾ ਨਾ ਹੋਣ ਦੀ ਸੂਰਤ ਵਿੱਚ ਕਾਨੂੰਨੀ ਕਾਰਵਾਈ ਹੋਵੇਗੀ ।
3. ਜਿਨ੍ਹਾਂ ਚਿਰ ਪ੍ਰਿੰਸੀਪਲ ਵੱਲੋਂ ਵਿਦਿਆਰਥੀ ਦੇ ਨਾਮ ਕੱਟਣ ਦੇ ਲਿਖਤੀ ਹੁੱਕਮ ਜਾਰੀ ਨਹੀਂ ਹੋ ਜਾਂਦੇ, ਉਨ੍ਹਾਂ ਚਿਰ ਫੀਸ ਚੰਦੇ ਅਤੇ ਜੁਰਮਾਨੇ ਭਰਨੇ ਹੀ ਪੈਣਗੇ ।

# ਕਾਲਜ ਗਤੀਵਿਧੀਆਂ

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਐਸ,ਜੀ.ਏ.ਡੀ. ਸਰਕਾਰੀ ਕਾਲਜ, ਤਰਨਤਾਰਨ ਸਮੇਂ-ਸਮੇਂ ਤੇ ਵੱਖ-ਵੱਖ ਗਤੀਵਿਧੀਆਂ ਦਾ ਆਯੋਜਨ ਕਰਦਾ ਰਹਿੰਦਾ ਹੈ ।ਜਿਸ ਵਿੱਚ ਕਾਲਜ ਵਿਖੇ Say No to Plastic ਤੇ ਸਾਈਬਰ ਕ੍ਰਾਈਮ ਤੇ ਸੈਮੀਨਾਰ, ਰੈਡ ਰਿਬਨ ਕੱਲਬ ਵੱਲੋਂ ਸਾਈਕਲ ਰੈਲੀ, ਹਰਿਆਵਲ ਲਈ ਪੌਦੇ ਲਗਾਏ ਗਏ, ਪੋਸ਼ਣ ਹਫਤਾ ਸਾਇੰਸ ਵਿਭਾਗ ਵੱਲੋਂ, ਕੰਪਿਊਟਰ ਵਿਭਾਗ ਵੱਲੋ ਪੋਸਟਰ ਮੇਕਿੰਗ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਪੁਰਬ, ਫਿਜਿਕਸ ਵਿਭਾਗ ਵੱਲੋਂ ਵਰਕਸ਼ਾਪ ਵਿੱਚ ਵਿੱਚ ਭਾਗ ਲਿਆ, ਵਿਦਿਆਰਥੀਆਂ ਦਾ ਵੇਰਕਾ ਪਲਾਂਟ ਅਤੇ ਕ੍ਰਿਸ਼ੀ ਵਿਭਾਗ ਕੇਂਦਰ ਦਾ ਦੌਰਾ, ਭਗਤ ਸਿੰਘ ਤੇ ਸੈਮੀਨਾਰ, ਕਾਲਜ ਦੇ ਪ੍ਰੋਫੈਸਰ ਵੱਲੋਂ G-20 ਸਮਿਟ ਵਿੱਚ ਭਾਗ, ਕਾਲਜ ਦੀ ਵਿਦਿਆਰਥਣ ਜੈਸਮੀਨ ਵੱਲੋ ਸੰਗੀਤ ਮੁਕਾਬਲੇ ਵਿੱਚ ਭਾਗ ਲਿਆ ਤੇ ਪਹਿਲਾ ਸਥਾਨ ਹਾਸਲ ਕੀਤਾ । 8 ਮਾਰਚ 2023 ਮਹਿਲਾ ਦਿਵਸ ਅਤੇ ਹਿੰਦੀ ਵਿਭਾਗ ਵੱਲੋ ਹਿੰਦੀ ਦਿਵਸ ਮਨਾਇਆ ਗਿਆ। ਗਣਤੰਤਰ ਦਿਵਸ ਤੇ ਕਾਲਜ ਵਿਖੇ ਸਮੂਹ ਸਟਾਫ ਵੱਲੋ ਤਿਰੰਗਾ ਝੰਡਾ ਲਹਿਰਾਇਆ ਗਿਆ । ਕੈਰੀਅਰ ਕਾਉਂਸਿਲੰਗ ਐਂਡ ਪਲੇਸਮੈਂਟ ਸੈੱਲ ਵੱਲੋ ਹਫਤਾਵਾਰੀ ਵਰਕਸ਼ਾਪ, ਤਿੰਨ ਦਿਨਾਂ ਕੰਪਿਊਟਰ ਵਰਕਸ਼ਾਪ ਕੰਪਿਊਟਰ ਵਿਭਾਗ ਵੱਲੋਂ ਲਗਾਈ ਗਈ ।

ਅਕਾਦਮਿਕ ਸਾਲ 2023-24 ਲਈ ਸਮੂਹ ਆਰਟਸ, ਸਾਇੰਸ ਅਤੇ ਸੋਸ਼ਲ ਸਾਇੰਸਜ਼ ਕਾਲਜਾਂ ਅਤੇ ਐਗਰੀ ਕਲਚਰਲ ਕਾਲਜਾਂ, ਯੂਨਵਿਰਸਿਟੀ ਕਾਲਜਾਂ, IwA ਕਾਲਜਾਂ (Except B.Ed., Law FYIC/TYC Sem. 1st) ਵੱਖ-ਵੱਖ ਕਾਂਸਟੀਚਿਊਟ ਕਾਲਜਾਂ ਲਈ Under Graduate, Post Graduation, Sem-1 ਵਿੱਚ ਦਾਖਲ ਹੋਣ ਵਾਲੇ ਅਤੇ ਅਗਲੇ ਸਮੈਸਟਰ ਵਿੱਚ Promote ਹੋਣ ਵਾਲੇ ਵਿਦਿਆਰਥੀਆਂ ਲਈ ਜਨਵਰੀ 2023 ਤੋਂ ਮਈ 2024 ਲਈ ਸ਼ਡਿਊਲ :

| ਲੜੀ ਨੰ: | ਲੇਟ ਫੀਸ | ਦਾਖਲੇ ਦੀਆਂ ਮਿਤੀਆਂ |
|---|---|---|
| 1. | ਨਾਰਮਲ | **14-08-2023 ਤੱਕ** |
| 2. | **100/-** ਰੁਪਏ ਲੇਟ ਫੀਸ ਨਾਲ | **15-08-2023 ਤੋਂ 21-08-2023 ਤੱਕ** |
| 3. | **200/-** ਰੁਪਏ ਲੇਟ ਫੀਸ ਨਾਲ | **22-08-2023 ਤੋਂ 28-08-2023 ਤੱਕ** |
| 4. | **1000/-** ਰੁਪਏ ਲੇਟ ਫੀਸ ਨਾਲ | **29-04-2023 ਤੋਂ 04-09-2023 ਤੱਕ** |
| 5. | **5000/-** ਰੁਪਏ ਲੇਟ ਫੀਸ ਨਾਲ | **5-9-2023 ਤੋਂ 19-9-2023 ਤੱਕ** |
| ਗਰਮੀਆਂ ਦੀਆਂ ਛੁੱਟੀਆਂ | **10 ਜੂਨ 2023 ਤੋਂ 09 ਜੁਲਾਈ 2023** | |
| ਸਰਦੀਆਂ ਦੀਆਂ ਛੁੱਟੀਆਂ | **28 ਦਸੰਬਰ 2023 ਤੋਂ 14 ਜਨਵਰੀ 2024** | |

**College Website :**
**Website : www.sgadgovtcollege.com**

ਆਨਲਾਈਨ ਰਜਿਸਟਰੇਸ਼ਨ ਲਈ ਇਸ ਲਿੰਕ ਤੇ ਅਪਲਾਈ ਕਰਨਾ ਜਰੂਰੀ ਹੈ (ਸਿਰਫ ਪਹਿਲੇ ਸਮੈਸਟਰ ਲਈ)

**https://admission.punjab.gov.in/index**

ਦਾਖ਼ਲਾ ਫ਼ਾਰਮ ਦਫ਼ਤਰ ਵਿੱਚ ਜਮ੍ਹਾਂ ਕਰਵਾ ਕੇ ਰਸੀਦ ਪ੍ਰਾਪਤ ਕਰ ਲਈ ਜਾਵੇ।

**B.A./B.Sc./BCA/B.com./B.Sc. (IT), DCA/PGDCA/M.Sc.**
ਪਹਿਲੇ ਸਮੈਸਟਰ ਵਿਚ ਦਾਖਲਾ ਲੈਣ ਵਾਸਤੇ
**https://admission.punjab.gov.in/index**
ਤੇ **Click** ਕਰਕੇ ਦਾਖਲੇ ਵਾਸਤੇ ਅਪਲਾਈ ਕਰਨ ।




ਕਾਲਜ ਦਾ ਸਮੂਹ ਸਟਾਫ ਤੇ ਵਿਦਿਆਰਥੀ ਗਣਤੰਤਰ ਦਿਵਸ ਮਨਾਉਂਦੇ ਹੋਏ ।




ਵਿਦਿਆਰਥੀਆਂ ਵੱਲੋਂ ਵੇਰਕਾ ਪਲਾਂਟ ਦਾ ਦੌਰਾ ।




ਕਾਲਜ ਵਿਖੇ ਜਲਿਆਵਾਲਾ ਬਾਗ ਉਪਰ ਸੈਮੀਨਾਰ ਕਰਵਾਇਆ ਗਿਆ ।




ਕੰਪਿਊਟਰ ਵਿਭਾਗ ਵੱਲੋਂ ਸਾਈਬਰ ਕ੍ਰਾਈਮ ਤੇ ਸੈਮੀਨਾਰ ।




Say No to Plastic ਤੇ ਸੈਮੀਨਾਰ ।



ਕਾਲਜ ਪ੍ਰਿੰਸੀਪਲ ਵੱਲੋਂ ਇਮਤਿਹਾਨ ਵਿੱਚ ਅੱਵਲ ਆਉਣ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ ।



ਨਸ਼ਿਆਂ ਉਪਰ ਰੈਡ ਰਿਬਨ ਕਲੱਬ ਵਲੋਂ ਨੁਕੜ ਨਾਟਕ ।



ਕਾਲਜ ਵਿੱਚ ਪੌਦੇ ਲਗਾਏ ਗਏ ।



ਫਿਜਿਕਸ ਵਿਭਾਗ ਵੱਲੋਂ ਵਰਕਸ਼ਾਪ ਵਿੱਚ ਭਾਗ ਲਿਆ ।



ਪੋਸ਼ਣ ਹਫਤਾ ਸਾਇੰਸ ਵਿਭਾਗ ਵੱਲੋਂ ਮਨਾਇਆ ਗਿਆ ।



ਰੈਡ ਰਿਬਨ ਕਲਬ ਵੱਲੋਂ ਸਾਈਕਲ ਰੈਲੀ ।



E-Waste ਤੇ ਸਲੋਗਨ ਮੁਕਾਬਲੇ ਕਰਵਾਏ ਗਏ ।



ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ ।



ਸ਼ਹੀਦ ਭਗਤ ਸਿੰਘ ਦੀ ਜੀਵਨੀ ਅਤੇ ਸਿਖਿਆਵਾਂ ਤੇ ਸੈਮੀਨਾਰ ।




ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਗਿਆ ।



ਰਾਸ਼ਟਰੀ ਵਿਗਿਆਨ ਦਿਵਸ ਤੇ ਕਰਵਾਏ ਮੁਕਾਬਲਿਆਂ ਵਿਚ ਜੇਤੂ ਵਿਦਿਆਰਥੀ ।



ਵਿਦਿਆਰਥੀਆਂ ਵੱਲੋਂ ਕਿਸਾਨ ਮੇਲੇ ਵਿੱਚ ਭਾਗ ਲਿਆ ਗਿਆ ।



G-20 ਸਮਿਟ ਮੌਕੇ ਹਾਜਰ ਕਾਲਜ ਦੇ ਪ੍ਰੋਫੈਸਰ ਸਾਹਿਬਾਨ ।



ਕਾਲਜ ਦੀ ਵਿਦਿਆਰਥਣ ਵੱਲੋਂ ਸੰਗੀਤ ਮੁਕਾਬਲੇ ਵਿੱਚ ਪੁਜੀਸ਼ਨ ਹਾਸਲ ਕੀਤੀ ।

## COURSES AVAILABLE :

- B.A.
- B.Sc. (Medical, Non Medical, Computer Science, IT, Eco.)
- B.C.A.
- B.Com.
- DCA
- PGDCA
- M.Sc. (Computer Science)

**B.A./B.Sc./BCA/B.Com./B.Sc. (IT), DCA / PGDCA / M.Sc.**

ਪਹਿਲੇ ਸਮੈਸਟਰ ਵਿਚ ਦਾਖਲਾ ਲੈਣ ਵਾਸਤੇ

https://admission.punjab.gov.in/index

ਤੇ Click ਕਰਕੇ ਦਾਖਲੇ ਵਾਸਤੇ ਅਪਲਾਈ ਕਰਨ ।

ਕੀਮਤ
₹ 50/-

Dharam Shakti # 93560-21161